ਬੇਸ਼ੱਕ ਵੱਖ 2 ਕਿਸਮ ਦੇ ਨਸ਼ਿਆਂ ਦੀ ਮਾਰ ਦਾ ਜ਼ਿਕਰ ਅਕਸਰ ਮੀਡੀਆ ਵਿੱਚ ਹੁੰਦਾ ਰਹਿੰਦਾ ਹੈ ਪਰ ਸ਼ਰਾਬ ਹਾਲੇ ਵੀ 'ਕਮਰੇ ਵਿੱਚ ਖੜਾ ਉਹ ਹਾਥੀ' ਹੈ ਜਿਸ ਸਾਹਮਣੇ ਬਾਕੀ ਨਸ਼ਿਆਂ ਦੇ ਕੱਦਕਾਠ ਚੂਹੇ ਸਮਾਨ ਹੀ ਹਨ। ਮਿਸਾਲ ਵਜੋਂ ਕੈਨੇਡੀਅਨ ਇਸਨਟੀਚਿਊਟ ਆਫ਼ ਹੈਲਥ ਇਨਫਰਮੇਸ਼ਨ ਵੱਲੋਂ ਇਕੱਤਰ ਅੰਕੜਿਆਂ ਮੁਤਾਬਕ ਕੈਨੇਡਾ ਵਿੱਚ ਰੋਜ਼ਾਨਾ 10 ਵਿਅਕਤੀ ਜ਼ਿਆਦਾ ਨਸ਼ਾ ਕਰਨ ਨਾਲ 'ਰੱਬ ਜੀ' ਨੂੰ ਪਿਆਰੇ ਹੁੰਦੇ ਹਨ ਜਿਹਨਾਂ ਵਿੱਚੋਂ 75% ਸ਼ਰਾਬ ਪੀ ਕੇ ਸਵਰਗ ਸਿਧਾਰਦੇ ਹਨ। ਹਸਪਤਾਲ ਤੋਂ ਬਾਹਰ ਭਾਵ ਘਰਾਂ ਵਿੱਚ ਨਸ਼ਿਆਂ ਨਾਲ ਮਰਨ ਵਾਲਿਆਂ ਦੇ ਅੰਕੜੇ ਇਸ ਸੰਸਥਾ ਕੋਲ ਵੀ ਉਪਲਬਧ ਨਹੀਂ ਹਨ।

ਇਹਨਾਂ ਤੱਥਾਂ ਦੇ ਸਨਮੁਖ ਪ੍ਰੋਵਿੰਸ਼ੀਅਲ ਸਰਕਾਰ ਨੂੰ ਚਾਹੀਦਾ ਹੈ ਕਿ ਸ਼ਰਾਬ ਬਾਰੇ ਬਹੁਤੀ ਢਿੱਲ ਵਰਤਣ ਦੀ ਨੀਤੀ ਦਾ ਮੁਲਾਂਕਣ ਕੀਤਾ ਜਾਵੇ। ਜਦੋਂ ਤੱਕ ਪ੍ਰੋਵਿੰਸ਼ੀਅਲ ਸਰਕਾਰ ਇਸ ਮੁੱਦੇ ਉੱਤੇ ਕੁੱਝ ਸਾਰਥਕ ਨਹੀਂ ਕਰਦੀ, ਵੱਖ 2 ਸ਼ਹਿਰਾਂ ਦੇ ਮੈਡੀਕਲ ਅਫ਼ਸਰਾਂ ਨੂੰ ਟੋਰਾਂਟੋ ਦੇ ਚੀਫ਼ ਮੈਡੀਕਲ ਅਫ਼ਸਰ ਤੋਂ ਸਿੱਖ ਕੇ ਆਪਣੀ ਰਾਏ ਸਿਟੀ ਹੁਕਮਰਾਨਾਂ ਨਾਲ ਸਾਂਝੀ ਕਰਨੀ ਚਾਹੀਦੀ ਹੈ। ਬਰੈਂਪਟਨ ਅਤੇ ਮਿਸੀਸਾਗਾ ਵਾਸੀਆਂ ਲਈ ਸਿਹਤ ਦੀ ਜੁੰਮੇਵਾਰੀ ਰੀਜਨ ਆਫ਼ ਪੀਲ ਕੋਲ ਹੈ ਜਿਸਦੇ ਮੈਡੀਕਲ ਅਫ਼ਸਰ ਨੂੰ ਇਸ ਮਾਮਲੇ ਵੱਲ ਵਿਸ਼ੇਸ਼ ਕਰਕੇ ਧਿਆਨ ਦੇਣ ਦੀ ਲੋੜ ਹੈ। ਖਾਸ ਕਰਕੇ ਇਸ ਤੱਥ ਦੇ ਸਨਮੁਖ ਕਿ ਪੀਲ ਰੀਜਨ ਦੇ ਕੁੱਝ ਖੇਤਰਾਂ ਖਾਸ ਕਰਕੇ ਬਰੈਂਪਟਨ ਵਿੱਚ ਕਈ ਐਲ ਸੀ ਬੀ ਓ ਅਜਿਹੇ ਹਨ ਜਿਹਨਾਂ ਦੀ ਸ਼ਰਾਬ ਦੀ ਵਿੱਕਰੀ ਕੈਨੇਡਾ ਭਰ ਵਿੱਚ ਸੱਭ ਤੋਂ ਵੱਧ ਹੈ।

## ਚੀਨ ਦੇ ਵਿਰੋਧ ਦੇ ਬਾਵਜੂਦ ਤਾਇਵਾਨ ਨੂੰ ਹਥਿਆਰ ਵੇਚਣ ਉੱਤੇ ਤੁਲਿਆ ਅਮਰੀਕਾ

...ਪੰਨਾ 1 ਦਾ ਬਾਕੀ

ਚੀਨ ਦੇ ਵਿਦੇਸ਼ ਮੰਤਰਾਲੇ ਨੇ ਅਮਰੀਕਾ ਵੱਲੋਂ ਤਾਇਵਾਨ ਨੂੰ ਇਹ ਹਥਿਆਰ ਵੇਚਣ ਦਾ ਸਖ਼ਤ ਵਿਰੋਧ ਕੀਤਾ ਹੈ। ਚੀਨ ਤਾਇਵਾਨ, ਜੋ ਕਿ ਇੱਕ ਟਾਪੂ ਹੈ ਤੇ ਜਿੱਥੇ ਅਖੌਤੀ ਸਰਕਾਰ ਹੈ, ਨੂੰ ਆਪਣੀ ਟੈਰੇਟਰੀ ਮੰਨਦਾ ਹੈ।
ਅਮਰੀਕਾ ਦੇ ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਇਹ ਹਥਿਆਰ ਤਾਇਵਾਨ ਨੂੰ ਮੌਜੂਦਾ ਤੇ ਭਵਿੱਖ ਦੀਆਂ ਚੁਣੌਤੀਆਂ ਨਾਲ ਸਿੱਝਣ ਵਿੱਚ ਮਦਦ ਕਰਨਗੇ। ਇਸ ਤੋਂ ਇਲਾਵਾ ਅਮਰੀਕਾ ਤੇ ਹੋਰਨਾਂ ਭਾਈਵਾਲਾਂ ਨਾਲ ਰਲ ਕੇ ਕੰਮ ਕਰਨ ਵਿੱਚ ਵੀ ਸਹਾਈ ਹੋਣਗੇ।
ਜ਼ਿਕਰਯੋਗ ਹੈ ਕਿ ਤਾਇਵਾਨ 1949 ਵਿੱਚ ਚੀਨ ਤੋਂ ਵੱਖ ਹੋ ਗਿਆ ਸੀ ਅਤੇ ਇਸ ਦੇ ਅਮਰੀਕਾ ਨਾਲ ਕੋਈ ਰਸਮੀ ਡਿਪਲੋਮੈਟਿਕ ਸਬੰਧ ਨਹੀਂ ਹਨ। ਪਰ ਤਾਇਵਾਨ ਦੇ ਡਿਫੈਂਸਿਵ ਹਥਿਆਰਾਂ ਦਾ ਮੁੱਖ ਸਪਲਾਇਰ ਅਮਰੀਕਾ ਹੀ ਹੈ।

## ਕੇਂਦਰੀ ਮੰਤਰੀਆਂ ਦੇ ਖਿਲਾਫ ਭ੍ਰਿਸ਼ਟਾਚਾਰੀ ਕੇਸਾਂ ਬਾਰੇ ਜਾਨਣ ਦਾ ਰਾਹ ਖੁੱਲ੍ਹਿਆ

ਨਵੀਂ ਦਿੱਲੀ, 5 ਜੁਲਾਈ (ਪੋਸਟ ਬਿਊਰੋ)- ਕੇਂਦਰੀ ਸੂਚਨਾ ਕਮਿਸ਼ਨ (ਸੀ ਆਈ ਸੀ) ਨੇ ਕੇਂਦਰੀ ਮੰਤਰੀਆਂ ਖਿਲਾਫ ਭ੍ਰਿਸ਼ਟਾਚਾਰ ਦੇ ਕੇਸਾਂ ਦੇ ਖੁਲਾਸੇ ਕਰਨ ਲਈ ਰਾਹ ਖੋਲ੍ਹ ਦਿੱਤਾ ਹੈ। ਸੀ ਆਈ ਸੀ ਨੇ ਅਫਸਰ ਸੰਜੀਵ ਚਤੁਰਵੇਦੀ ਵੱਲੋਂ ਦਾਖਲ ਕੀਤੀ ਇੱਕ ਆਰ ਟੀ ਆਈ ਅਰਜ਼ੀ ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਦਫਤਰ ਵੱਲੋਂ ਕੀਤੇ ਇਤਰਾਜ਼ਾਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਇਤਰਾਜ਼ ਸਹੀ ਨਹੀਂ ਹਨ।
ਭਾਰਤੀ ਜੰਗਲਾਤ ਸੇਵਾ ਦੇ 2002 ਬੈਚ ਦੇ ਅਧਿਕਾਰੀ ਚਤੁਰਵੇਦੀ ਨੇ 2017 ਵਿੱਚ ਪ੍ਰਧਾਨ ਮੰਤਰੀ ਦਫਤਰ (ਪੀ ਐੱਮ ਓ) ਵਿੱਚ ਅਰਜ਼ੀ ਦਾਖਲ ਕਰ ਕੇ ਕੇਂਦਰੀ ਮੰਤਰੀਆਂ ਦੇ ਖਿਲਾਫ ਜੂਨ 2014 ਤੋਂ 2017 ਤੱਕ ਆਈਆਂ ਹੋਈਆਂ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਦੀ ਜਾਣਕਾਰੀ ਮੰਗੀ ਸੀ। ਪੀ ਐੱਮ ਓ ਨੇ ਅਕਤੂਬਰ 2017 ਵਿੱਚ ਇਸ ਆਰ ਟੀ ਆਈ ਦੇ ਜਵਾਬ ਵਿੱਚ ਕਿਹਾ ਸੀ ਕਿ ਇਹ ਜਾਣਕਾਰੀ ਕਿਸੇ ਵਿਸ਼ੇਸ਼ ਵਿਅਕਤੀ ਵੱਲ ਸੇਧਤ ਨਹੀਂ ਹੈ ਤੇ ਅਸਪੱਸ਼ਟ ਹੈ। ਇਸ ਤੋਂ ਬਾਅਦ ਚਤੁਰਵੇਦੀ ਨੇ ਸੀ ਆਈ ਸੀ ਕੋਲ ਪਹੁੰਚ ਕੀਤੀ ਸੀ। ਸੀ ਆਈ ਸੀ ਨੇ ਆਪਣੇ ਪਿਛਲੇ ਵਰ੍ਹੇ ਅਕਤੂਬਰ ਮਹੀਨੇ ਦੇ ਹੁਕਮ ਵਿੱਚ ਕਿਹਾ ਸੀ ਕਿ ਪੀ ਐੱਮ ਓ ਨੇ ਸਹੀ ਅਤੇ ਢੁੱਕਵੀਂ ਜਾਣਕਾਰੀ ਨਹੀਂ ਦਿੱਤੀ। ਕਮਿਸ਼ਨ ਨੇ ਪੀ ਐੱਮ ਓ ਦੇ ਕੇਂਦਰੀ ਸੂਚਨਾ ਅਧਿਕਾਰੀ ਨੂੰ ਇਸ ਵਾਰੀ 15 ਦਿਨ ਦੇ ਅੰਦਰ ਜਾਣਕਾਰੀ ਦੇਣ ਲਈ ਕਿਹਾ ਹੈ। ਪੀ ਐੱਮ ਓ ਨੇ ਇਸ ਤੋਂ ਪਹਿਲਾਂ ਆਰ ਟੀ ਆਈ ਐਕਟ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਕੇਂਦਰੀ ਮੰਤਰੀ ਸਰਕਾਰ ਦੇ ਸਿਖਰਲੇ ਅਹੁਦਿਆਂ 'ਤੇ ਹਨ ਤੇ ਉਨ੍ਹਾਂ ਖਿਲਾਫ ਕਈ ਵਿਭਾਗਾਂ ਵਿੱਚ ਮਾਮਲੇ ਖਿਲਰੇ ਪਏ ਹਨ।






## ਫੈਡਰਲ ਚੋਣਾਂ ਵਿੱਚ 105 ਦਿਨ ਬਾਕੀ, ਉਮੀਦਵਾਰ ਨਾਮਜ਼ਦ ਕਰਨ ਵਿੱਚ ਕੰਜ਼ਰਵੇਟਿਵ ਮੋਹਰੀ

...ਪੰਨਾ 1 ਦਾ ਬਾਕੀ

ਇੱਥੇ ਦੱਸਣਾ ਬਣਦਾ ਹੈ ਕਿ ਹੁਣ ਤੱਕ ਲਿਬਰਲ ਪਾਰਟੀ 221 ਉਮੀਦਵਾਰਾਂ ਨੂੰ ਨਾਮਜਦ ਕਰ ਚੁੱਕੀ ਹੈ ਤੇ ਅਗਲੇ ਕੁੱਝ ਹਫਤਿਆਂ ਵਿੱਚ ਦਰਜਨਾਂ ਹੋਰ ਨਾਮਜਦਗੀਆਂ ਹੋਣੀਆਂ ਬਾਕੀ ਹਨ। ਪਾਰਟੀ ਦੇ ਬੁਲਾਰੇ ਬਰੇਡਨ ਕੈਲੇ ਨੇ ਦੱਸਿਆ ਕਿ ਹੁਣ ਤੱਕ ਨਾਮਜਦ ਕੀਤੇ ਗਏ ਉਮੀਦਵਾਰਾਂ ਵਿੱਚੋਂ 59 ਫੀ ਸਦੀ ਔਰਤਾਂ ਹਨ। ਇਸ ਦੌਰਾਨ ਗ੍ਰੀਨ ਪਾਰਟੀ 203 ਹਲਕਿਆਂ ਵਿੱਚ ਆਪਣੇ ਉਮੀਦਵਾਰ ਨਾਮਜਦ ਕਰ ਚੁੱਕੀ ਹੈ, ਜਿਨ੍ਹਾਂ ਵਿੱਚੋਂ 78 ਮਹਿਲਾਵਾਂ ਹਨ। ਇਹ ਜਾਣਕਾਰੀ ਗ੍ਰੀਨ ਪਾਰਟੀ ਦੇ ਬੁਲਾਰੇ ਜੌਹਨ ਚੈਨੇਰੀ ਨੇ ਦਿੱਤੀ।
ਨਿਊ ਡੈਮੋਕ੍ਰੈਟਸ ਪਾਰਟੀ ਵੱਲੋਂ ਹੁਣ ਤੱਕ 115 ਉਮੀਦਵਾਰ ਨਾਮਜਦ ਕੀਤੇ ਗਏ ਹਨ ਤੇ ਇਨ੍ਹਾਂ ਵਿੱਚੋਂ 60 ਮਹਿਲਾਵਾਂ ਹਨ। 2015 ਵਿੱਚ ਐਨਡੀਪੀ ਵੱਲੋਂ ਸੱਭ ਤੋਂ ਵੱਧ ਮਹਿਲਾ ਉਮੀਦਵਾਰਾਂ ਨੂੰ ਨਾਮਜਦ ਕੀਤਾ ਗਿਆ ਸੀ। ਪਾਰਟੀ ਦੇ ਬੁਲਾਰੇ ਗਿਲਾਮ ਫਰੈਂਕੋਇਰ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਐਨਡੀਪੀ ਇਸ ਵਾਰੀ ਵੀ ਅਜਿਹਾ ਕਰਨਾ ਚਾਹੁੰਦੀ ਹੈ। ਇਲੈਕਸ਼ਨ ਕੈਨੇਡਾ ਵੱਲੋਂ ਉਮੀਦਵਾਰ ਨਾਮਜਦ ਕਰਨ ਲਈ ਆਖਰੀ ਮਿਤੀ ਚੋਣਾਂ ਵਾਲੇ ਦਿਨ ਤੋਂ 21 ਦਿਨ ਪਹਿਲਾਂ ਤੱਕ ਮਿਥੀ ਗਈ ਹੈ। ਫੈਡਰਲ ਚੋਣਾਂ 21 ਅਕਤੂਬਰ ਨੂੰ ਹੋਣਗੀਆਂ ਤੇ ਇਸ ਲਈ ਕੈਂਪੇਨ ਸਤੰਬਰ ਦੇ ਸ਼ੁਰੂ ਤੋਂ ਮੱਧ ਤੱਕ ਚਲਾਈ ਜਾ ਸਕੇਗੀ।




## ਜਿਨਸੀ ਸ਼ੋਸ਼ਣ ਸਬੰਧੀ ਮੁਕੱਦਮੇ ਦੀ ਕੈਸ਼ ਸੈਟਲਮੈਂਟ ਲਈ ਰਾਜ਼ੀ ਹੋਈ ਆਰਸੀਐਮਪੀ

...ਪੰਨਾ 1 ਦਾ ਬਾਕੀ

ਮੁੱਖ ਮੁੱਦਈ ਚੈਰਿਲ ਟਿੱਲਰ ਸਮੇਤ ਦੋ ਹੋਰਨਾ ਮੁੱਦਈਆਂ ਦੀ ਕਾਉਂਸਲ ਤੇ ਕਲੇਨ ਲਾਯਰਜ਼ ਦੀ ਐਂਜੇਲਾ ਬੈਸਪਫਲੱਗ ਨੇ ਆਖਿਆ ਕਿ ਇਹ ਸੈਟਲਮੈਂਟ ਸੇਫ, ਕਾਨਫੀਡੈਂਸ਼ੀਅਲ ਤੇ ਆਜ਼ਾਦਾਨਾ ਕਲੇਮਜ਼ ਪ੍ਰਕਿਰਿਆ ਮੁਹੱਈਆ ਕਰਾਵੇਗੀ। ਇਸ ਸਮੇਂ ਗੈਰ ਮੁਨਾਫੇ ਵਾਲੀ ਸੰਸਥਾ, ਜੋ ਕਿ 10 ਆਰਸੀਐਮਪਵੀ ਡਿਟੈਚਮੈਂਟਸ ਤੇ ਸਸਕੈਚਵਨ ਦੀਆਂ ਅੱਠ ਫਰਸਟ ਨੇਸ਼ਨਜ਼ ਕਮਿਊਨਿਟੀਜ਼ ਨੂੰ ਸੇਵਾਵਾਂ ਦੇ ਰਹੀ ਹੈ, ਲਈ ਕੰਮ ਕਰਨ ਵਾਲੀ ਟਿੱਲਰ ਨੇ ਆਖਿਆ ਕਿ 2007 ਵਿੱਚ ਇੱਕ ਆਰਸੀਐਮਪੀ ਅਧਿਕਾਰੀ ਦੀ ਰਿਟਾਇਰਮੈਂਟ ਪਾਰਟੀ ਵਿੱਚ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ।
ਟਿੱਲਰ ਨੇ ਆਖਿਆ ਕਿ ਇਹ ਖਬਰ ਮਿਲਣ ਤੋਂ ਬਾਅਦ ਉਸ ਨੂੰ ਕਾਫੀ ਹੌਸਲਾ ਮਿਲਿਆ ਹੈ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਇਸ ਨਾਲ ਹੋਰਨਾਂ ਮਹਿਲਾਵਾਂ ਨੂੰ ਆਪਣੀ ਗੱਲ ਸੱਭ ਦੇ ਸਾਹਮਣੇ ਰੱਖਣ ਦਾ ਮੌਕਾ ਮਿਲੇਗਾ ਤੇ ਉਨ੍ਹਾਂ ਦੇ ਜ਼ਖ਼ਮਾਂ ਉੱਤੇ ਮੱਲ੍ਹਮ ਲੱਗਣ ਦਾ ਸਫਰ ਵੀ ਸ਼ੁਰੂ ਹੋਵੇਗਾ। ਬੈਸਪਫਲੱਗ ਨੇ ਆਖਿਆ ਕਿ ਉਨ੍ਹਾਂ ਦੇ ਅੰਦਾਜ਼ੇ ਮੁਤਾਬਕ 1500 ਮਹਿਲਾਵਾਂ ਸਾਹਮਣੇ ਆਉਣਗੀਆਂ ਤੇ ਇਨ੍ਹਾਂ ਦਾਅਵਿਆਂ ਉੱਤੇ ਕੋਈ ਰੋਕ ਨਹੀਂ ਲਾਈ ਗਈ ਇਸ ਲਈ ਇਹ ਸੈਟਲਮੈਂਟ 100 ਮਿਲੀਅਨ ਡਾਲਰ ਤੱਕ ਪਹੁੰਚ ਜਾਵੇਗੀ।
ਆਰਸੀਐਮਪੀ ਦੀ ਪਹਿਲੀ ਪਰਮਾਨੈਂਟ ਮਹਿਲਾ ਕਮਿਸ਼ਨਰ ਬ੍ਰੈਂਡਾ ਲੱਕੀ ਦਾ ਕਹਿਣਾ ਹੈ ਕਿ ਇੱਕ ਸੰਸਥਾ ਵਜੋਂ ਆਪਣੀਆਂ ਹਰਕਤਾਂ ਲਈ ਅਸੀਂ ਖੁਦ ਜਵਾਬਦੇਹ ਹਾਂ। ਇਸ ਲਈ ਕੰਮ ਵਾਲੀ ਥਾਂ ਉੱਤੇ ਹੋਏ ਅਜਿਹੇ ਵਿਵਹਾਰ ਲਈ ਤੇ ਇਸ ਮਸਲੇ ਨੂੰ ਹੱਲ ਕਰਨ ਲਈ ਅਸੀਂ ਅਜਿਹਾ ਕਰ ਰਹੇ ਹਾਂ। ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਸੁਣਨ ਤੇ ਰਿਕਾਰਡ ਕਰਨ ਲਈ ਅਸੀਂ ਸੈਂਟਰਲਾਈਜ਼ਡ ਆਫਿਸ ਕਾਇਮ ਕੀਤਾ ਹੈ ਤੇ ਜਿਸ ਕਿਸੇ ਨਾਲ ਢੁਕਵਾਂ ਵਿਵਹਾਰ ਨਹੀਂ ਕੀਤਾ ਗਿਆ ਉਹ ਇੱਥੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


## ਚਨਾਰਥਲ ਕਲਾਂ ਦੀ ਪਿਕਨਿਕ 14 ਨੂੰ

ਪਿੰਡ ਚਨਾਰਥਲ ਕਲਾਂ ਜੋਕਿ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦਾ ਸਭ ਤੋਂ ਵੱਡਾ ਪਿੰਡ ਹੈ ਉਸਦੀ ਪਿਕਨਿਕ 14 ਜੁਲਾਈ ਨੂੰ ਮਨਾਉਣ ਦਾ ਆਯੋਜਨ ਕੀਤਾ ਰਿਹਾ ਹੈ। ਇਹ ਪਿਕਨਿਕ ਟੈਰਾ ਕੋਟਾ ਕਨਜ਼ਰਵੇਸ਼ਨ ਏਰੀਆ 14452- ਵਿੰਸਟਨ ਚਰਚਿਲ ਬੁਲੇਵਾਰਡ ਵਿਖੇ ਸਵੇਰੇ 11 ਵਜੇ ਤੋਂ ਲੈਕੇ ਸ਼ਾਮ 6 ਵਜੇ ਤੱਕ ਚੱਲੇਗੀ। ਚਨਾਰਥਲ ਕਲਾਂ ਅਤੇ ਆਸ-ਪਾਸ ਦੇ ਇਲਾਕਾ ਨਿਵਾਸੀਆਂ ਨੂੰ ਪਿਲਨਿਕ 'ਚ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਇਸ ਦੌਰਾਨ ਬੱਚਿਆਂ, ਬਜ਼ੁਰਗਾਂ ਤੇ ਬੀਬੀਆਂ ਲਈ ਖੇਡਾਂ ਦਾ ਆਯੋਜਨ ਕੀਤਾ ਜਾਵੇਗਾ ਅਤੇ ਲੱਕੀ ਡਰਾਅ ਵੀ ਕੱਢੇ ਜਾਣਗੇ। ਹੋਰ ਜਾਣਕਾਰੀ ਲਈ ਹਰਦੀਪ ਟਿਵਾਣਾ ਨਾਲ 416 500 1799 ਅਤੇ ਅਵਤਾਰ ਟਿਵਾਣਾ ਨਾਲ 416 802 5866 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# Brampton Transit $15 monthly pass for seniors for 2019 - will be free by 2020 Mayor Brown






By: Surjit Singh Flora

Mayor Brown and Councillors with city staff held an official launch event for a major milestone: the $15 Seniors Brampton Transit Pass at Flower City Community Campus, Seniors Centre 8870 McLaughlin Road South on July 5, 2019.

Brampton council is giving seniors a significant break on monthly transit fares in its 2019 budget, with hopes of making the service free for the city's seniors 65 and over residents as early as 2020.

At its regular meeting on March 27, the council voted in favour of reducing the cost of a monthly Presto pass for seniors from $52 to $15 — a 71 percent discount.

The existing Brampton Transit $1 single trip cash fare for seniors, as well as the $1.60 Presto e-purse, will remain as is, but the $16 weekly pass and $52 monthly Presto passes have been eliminated.

Wards 9 and 10 Councilor Gurpreet Dhillon added an amendment to council's original motion at its March 20 meeting, setting the goal of providing free transit to seniors before the end of this council term in 2022.

However, Mayor Patrick Brown told the media that the council is working on and hoping to accomplish that goal as early as a year from now in the 2020 budget.

"It's going to be phased-in," he said. "It's going to start year one as a $15 monthly transit pass, and then the goal is the next year to make it free 2020."

"Who is more appropriate to start with free transit than seniors? They're the ones who have built our community," Mayor Brown said in his speech.

According to a staff report at the March 20 meeting, the reduced $15 monthly seniors passes will cost the city an estimated $400,000 to $450,000 annually in lost revenue at current demand and service levels.

However, the report added that revenue hit could increase to between $600,000 and $700,000 by 2031 as Brampton's senior population continues to grow.

Making transit entirely free for seniors would cost an estimated $1.2 million per year at current service levels, and as much as $1.8 million by 2031, added the report.

Council also voted in favour of making transit a little cheaper for Brampton Transit riders with disabilities by reducing transfer costs between the city's local transit service and Peel Region's TransHelp service.

In comparison, a TTC monthly pass for seniors' costs $122.45.

While Brampton currently has the lowest senior fares for transit in the Greater Toronto Area.

Furthermore, Brampton residents are eligible for subsidized passes if they are under a certain income level. Currently, only 176 seniors have passes are taking advantage of that program only so far.




















ਦੀ ਮੇਡਨਗ੍ਰਾਸ ਪਾਰਕ ਸੀਨੀਅਰਜ਼ ਕਲੱਬ ਵਲੋਂ ਕੈਨੇਡਾ ਡੇ ਮਨਾਇਆ ਗਿਆ, ਜਿਸ ਵਿਚ ਅਰਪਨ ਖੰਨਾ ਵੱਲੋਂ ਚਲਾਈ ਕੰਪੇਨ ਦੀ ਇੰਡੋਰਸਮੈਂਟ ਵੀ ਕੀਤੀ ਗਈ। ਇਸ ਦੌਰਾਨ ਕਲੱਬ ਵਲੋਂ ਅਰਪਨ ਖੰਨਾ ਦਾ ਸਨਮਾਨ ਵੀ ਕੀਤਾ ਗਿਆ।

# ਕਾਤਲ ਲਾਲੀ ਦਾ ਸਰੰਡਰ ਗਰਲ ਫਰੈਂਡ ਨੇ ਕਰਵਾਇਆ

ਜਲੰਧਰ, 8 ਜੁਲਾਈ (ਪੋਸਟ ਬਿਊਰੋ)- ਇਸ ਮਹਾਨਗਰ ਦੀ 120 ਫੁੱਟੀ ਰੋਡ ਉਤੇ 18 ਸਾਲ ਪਹਿਲਾਂ ਹੋਏ ਕਤਲ ਦੇ ਕੇਸ ਵਿੱਚ ਫਰਾਰ ਚੱਲਦੇ ਲਾਲ ਚੰਦ ਉਰਫ ਲਾਲੀ ਨੇ ਲਿਵ ਇਨ ਪਾਰਟਨਰ ਦੇ ਦਬਾਅ ਉਤੇ ਕੋਰਟ ਵਿੱਚ ਸਰੰਡਰ ਕਰ ਦਿੱਤਾ ਹੈ। ਪਠਾਨਕੋਟ ਰੋਡ ਦੇ ਵਾਸੀ ਲਾਲੀ ਦੀ ਮਹਿਲਾ ਮਿੱਤਰ ਨੂੰ ਪੁਲਸ ਨੇ ਸਖਤ ਸ਼ਬਦਾਂ ਵਿੱਚ ਕਿਹਾ ਸੀ ਕਿ ਜੇ ਲਾਲੀ ਨੇ ਸਰੰਡਰ ਨਾ ਕੀਤਾ ਤਾਂ ਉਹ ਉਸ ਨੂੰ ਹਵਾਲਾਤ ਵਿੱਚ ਸੁੱਟ ਦੇਣਗੇ। ਇਸ ਦੇ ਅਗਲੇ ਦਿਨ ਲਾਲੀ ਚੰਡੀਗੜ੍ਹ ਪਹੁੰਚਿਆ ਅਤੇ ਹਾਈ ਕੋਰਟ ਵਿੱਚ ਸਰੰਡਰ ਕਰ ਦਿੱਤਾ।

ਵਰਨਣ ਯੋਗ ਹੈ ਕਿ ਮੰਗਲਵਾਰ ਨੂੰ ਲਾਲੀ ਨੂੰ ਗ੍ਰਿਫਤਾਰ ਨਾ ਕਰਨ ਉੱਤੇ ਏ ਸੀ ਪੀ ਵੈਸਟ ਬਰਜਿੰਦਰ ਸਿੰਘ ਨੇ ਕੋਰਟ ਵਿੱਚ ਤਰਕ ਦਿੱਤਾ ਸੀ ਕਿ ਉਹ ਪਰਵਾਰ ਨਾਲ ਛੁੱਟੀ ਮਨਾਉਣ ਜੰਮੂ ਗਿਆ ਹੈ, ਕਿਵੇਂ ਫੜੀਏ? ਇਸ ਉੱਤੇ ਹਾਈ ਕੋਰਟ ਨੇ ਉਨ੍ਹਾਂ ਨੂੰ ਖੂਬ ਝਾੜ ਪਾਈ ਤਾਂ ਇਸ ਦੇ ਬਾਅਦ ਏ ਸੀ ਪੀ ਸਿੱਧਾ ਜਲੰਧਰ ਪਹੁੰਚੇ ਅਤੇ ਲਾਲੀ ਦੀ ਤਲਾਸ਼ ਵਿੱਚ ਜੁਟ ਗਏ। ਉਸੇ ਰਾਤ ਪਤਾ ਲੱਗਾ ਕਿ ਲਾਲੀ ਆਪਣੀ ਲਿਵ ਇਨ ਰਿਲੇਸ਼ਨ ਦੇ ਨਾਲ ਪਠਾਨਕੋਟ ਰੋਡ 'ਤੇ ਰਹਿੰਦਾ ਹੈ। ਉਹ ਟੀਮ ਦੇ ਨਾਲ ਉਸ ਦੇ ਘਰ ਪਹੁੰਚੇ। ਉਥੇ ਲਾਲੀ ਦੀ ਲਿਵ ਇਨ ਪਾਰਟਨਰ ਨੇ ਪਹਿਲਾਂ ਲਾਲੀ ਦੇ ਬਾਰੇ ਦੱਸਣ 'ਤੇ ਟਾਲ ਮਟੋਲ ਕੀਤੀ। ਸਖਤੀ ਕੀਤੀ ਤਾਂ ਉਸ ਨੇ ਕਿਹਾ ਕਿ ਲਾਲੀ ਜੰਮੂ ਤੋਂ ਆ ਗਿਆ ਹੈ। ਇਸ ਉਤੇ ਏ ਸੀ ਪੀ ਨੇ ਉਸ ਨੂੰ ਲਾਲੀ ਨੂੰ ਪੁਲਸ ਦੇ ਸਾਹਮਣੇ ਪੇਸ਼ ਹੋਣ ਲਈ ਮਨਾਉਣ ਨੂੰ ਕਿਹਾ ਅਤੇ ਨਾਲ ਇਹ ਕਿਹਾ ਕਿ ਜੇ ਉਸ ਨੂੰ ਪੇਸ਼ ਨਾ ਕੀਤਾ ਤਾਂ ਉਸ ਨੂੰ ਹਵਾਲਾਤ ਵਿੱਚ ਸੁੱਟ ਦੇਣਗੇ। ਏ ਸੀ ਪੀ ਵੈਸਟ ਬਰਜਿੰਦਰ ਸਿੰਘ ਦਾ ਕਹਿਣਾ ਹੈ ਕਿ ਕੱਲ੍ਹ ਉਹ ਦੁਪਹਿਰ ਤਿੰਨ ਵਜੇ ਦੇ ਕਰੀਬ ਹਾਈ ਕੋਰਟ ਤੋਂ ਆਏ ਸਨ। ਇਸੇ ਦੌਰਾਨ ਉਨ੍ਹਾਂ ਨੂੰ ਉਨ੍ਹਾਂ ਦੇ ਰੀਡਰ ਨੇ ਫੋਨ ਕਰ ਕੇ ਦੱਸਿਆ ਕਿ ਲਾਲੀ ਹਾਈ ਕੋਰਟ ਵਿੱਚ ਸਰੰਡਰ ਕਰਨ ਪਹੁੰਚ ਗਿਆ ਹੈ। ਉਨ੍ਹਾਂ ਨੇ ਤੁਰੰਤ ਆਪਣੇ ਐਸ ਐਚ ਓ ਨੂੰ ਹਾਈ ਕੋਰਟ ਭਿਜਵਾਇਆ।

# ‘ਅਜੇ ਵੀ ਸੰਭਲ ਜਾਓ . . . ਡੁਲੇ ਬੇਰਾਂ ਦਾ ਕੁੱਝ ਨਹੀ ਵਿਗੜਿਆਂ’



ਭਾਰਤ ਭੂਸ਼ਨ ਆਜ਼ਾਦ, ਕੋਟਕਪੂਰਾ
98721-12457

ਪੰਜ ਦਰਿਆਵਾਂ ਦੀ ਧਰਤੀ ਪੰਜ+ਆਬ ਇਸ ਸਮੇਂ ਜਲ ਸੰਕਟ ਵੱਲ ਤੇਜੀ ਨਾਲ ਵੱਧ ਰਿਹਾ ਹੈ। ਇਸ ਧਰਤੀ ਨੂੰ ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਹੈ। ਗੁਰੂ ਜੀ ਨੇ ਬਾਣੀ ’ਚ ਦਰਜ ਕੀਤਾ ਕਿ ‘ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ’ ਪਰ ਅਫਸੋਸ ਪਾਣੀ ਰੂਪੀ ਕੁਦਰਤੀ ਸਰੋਤ ਨੂੰ ਹੁਣ ਮਨੁੱਖ ਸੰਭਾਲ ਕੇ ਨਹੀ ਰੱਖ ਸਕਿਆ। ਪਾਣੀ ਮਨੁੱਖੀ ਜੀਵਨ ਲਈ ਅਨਮੋਲ ਹੈ ਅਤੇ ਇਹ ਮਨੁੱਖ ਨੂੰ ਕਈ ਬੀਮਾਰੀਆਂ ਤੋਂ ਬਚਾਉਣ ਦੀ ਸਮਰਥਤਾ ਰੱਖਦਾ ਹੈ।

ਇਨ੍ਹੀਂ ਦਿਨੀਂ ਭਾਰਤ ਅੰਦਰ ‘ਜਲ ਸ਼ਕਤੀ ਅਭਿਆਨ’ 30 ਨਵੰਬਰ ਤੱਕ ਜਾਰੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੀਆਂ ਪੰਚਾਇਤਾਂ ਨੂੰ ਪੱਤਰ ਜਾਰੀ ਕਰਕੇ ਮੀਂਹ ਦੇ ਪਾਣੀ ਨੂੰ ਸਟੋਰ ਕਰਨ ਦੀ ਅਪੀਲ ਕੀਤੀ ਤੇ ਕਿਹਾ ਹੈ ਕਿ ਅਜਿਹਾ ਕਰਕੇ ਹੀ ਜਲ ਸੰਕਟ ਤੋਂ ਬਚਿਆ ਜਾ ਸਕਦਾ ਹੈ। ਕੇਂਦਰੀ ਜਲ ਬੋਰਡ ਵੱਲੋਂ ਦੇਸ਼ ’ਚ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ। ਲੇਕਿਨ ਜਮੀਨੀ ਪੱਧਰ ਉੱਤੇ ਹਾਲਾਤਾਂ ਵਿਚ ਸੁਧਾਰ ਵਿਖਾਈ ਨਹੀ ਦੇ ਰਿਹਾ। ਮਾਹਿਰਾਂ ਵੱਲੋਂ ਅਜਿਹੇ ਹਾਲਾਤਾਂ ਲਈ ਸਰੋਤਾਂ ਦੀ ਕਮੀ ਤੇ ਖਰਾਬ ਪ੍ਰਬੰਧਾਂ ਨੂੰ ਜਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਨੈਸ਼ਨਲ ਇੰਸਟੀਚਿਊਟ ਫਾਰਮ ਟਰਾਂਸਫੋਰਮਿੰਗ ਇੰਡੀਆਂ ਦੁਆਰਾ ਜਾਰੀ 2018 ਵਿਚ ਇਕ ਰਿਪੋਰਟ ਮੁਤਾਬਕ 2020 ਵਿੱਚ ਦੇਸ਼ ਦੇ 21 ਹੋਰ ਸ਼ਹਿਰ ਭੂਮੀਗਤ ਪਾਣੀ ਦੀ ਹੱਦ ਤੋਂ ਬਾਹਰ ਹੋਣ ਦੀ ਸੂਚੀ ਵਿਚ ਸ਼ਾਮਲ ਹੋ ਸਕਦੇ ਹਨ।

ਪਾਣੀ ਦੀ ਮਹੱਤਤਾ ਬਾਰੇ ਜੇਕਰ ਕਿਸੇ ਨੂੰ ਪੁੱਛਿਆ ਜਾਵੇ ਤਾਂ ਤਾਮਿਲਨਾਡੂ ਰਾਜ ’ਚ ਰਹਿੰਦੇ ਵਸਨੀਕ ਬਹੁਤ ਚੰਗੀ ਤਰਾਂ ਦੱਸ ਸਕਦੇ ਹਨ, ਕਿਉਂਕਿ ਉਹ ਸਿਰਫ ਮੀਂਹ ਦੇ ਪਾਣੀ ਉੱਤੇ ਹੀ ਨਿਰਭਰ ਹਨ। ਮੌਨਸੂਨ ਆਉਣ ਵਿਚ ਦੇਰੀ ਹੋਣ ਤੇ ਮੀਂਹ ਘੱਟ ਪੈਣ ਤੇ ਪਾਣੀ ਦੀ ਕਮੀ ਕਰਕੇ ਤਾਮਿਲਨਾਡੂ ਸੂਬੇ ਅੰਦਰ ਹੋਟਲ, ਰੈਸਟੋਰੈਂਟ ਅਤੇ ਦਫਤਰਾਂ ਤੱਕ ਨੂੰ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਉਥੋਂ ਦੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਭਾਰੀ ਕੀਮਤ ਅਦਾ ਕਰਨੀ ਪੈਂਦੀ। ਉਸ ਰਾਜ ਦੇ ਲੋਕ ਟੋਇਆ ਵਿਚ ਮੀਂਹ ਦਾ ਇਕੱਠਾ ਹੋਇਆ ਪਾਣੀ ਪੀਣ ਲਈ ਮਜ਼ਬੂਰ ਹੋ ਜਾਂਦੇ ਹਨ। ਪੰਜਾਬ ’ਚ ਫਿਲਹਾਲ ਚੇਨੱਈ ਵਰਗੇ ਹਾਲਤ ਅਜੇ ਵਿਖਾਈ ਨਹੀਂ ਦੇ ਰਹੇ। ਲੇਕਿਨ ਇਥੇ ਪਾਣੀ ਲੋਕਾਂ ਨੂੰ ਪੀਣ ਲਈ ਅਤੇ ਦੁਰਵਰਤੋਂ ਕਰਨ ਲਈ ਵੀ ਬਹੁਤ ਅਸਾਨੀ ਨਾਲ ਮਿਲ ਰਿਹਾ ਹੈ।

ਉਦਯੋਗਿਕ ਇਕਾਈਆਂ ਨੇ ਪੰਜਾਬ ਦੇ ਜਮੀਨੀ ਤੇ ਨਹਿਰੀ ਪਾਣੀ ਨੂੰ ਪਲੀਤ ਕਰਨ ਵਿਚ ਕੋਈ ਕਸਰ ਨਹੀ ਛੱਡੀ ਅਤੇ ਸੂਬੇ ਦੇ ਕਿਸਾਨਾਂ ਨੇ ਧਰਤੀ ’ਚੋ ਪਾਣੀ ਕੱਢਣ ਲਈ ਆਪਣੀ ਪੂਰੀ ਵਾਹ ਲਾ ਦਿੱਤੀ ਹੈ। ਦਸ ਕੁ ਸਾਲ ਪਹਿਲਾਂ ਦੱਖਣੀ ਅਫਰੀਕੀ ਬੋਰਡ ਸਰਟੀਫਾਈਡ ਕੈਂਡੀਡੇਟ ਕਲੀਨਿਕਲ ਮੈਟਲ ਟੌਕਸਿਕਲੋਜਿਸਟ ਦੇ ਕੈਰਿਨ ਸਮਿਤ ਨੇ ਪੰਜਾਬ ਦੇ ਮਾਲਵਾ ਖੇਤਰ ’ਚ ਪੈਂਦੇ ਫ਼ਰੀਦਕੋਟ ਦਾ ਦੌਰਾ ਕਰਕੇ ਬੱਚਿਆਂ ਦੇ ਬਾਲ ਅਤੇ ਪੇਸ਼ਾਬ ਦੇ ਨਮੂਨੇ ਲਏ ਮਗਰੋਂ ਜਿਨ੍ਹਾਂ ਨੂੰ ਜਾਂਚ ਲਈ ਮਾਈਕਰੋਟਰੈਸ ਮਿਨਰਲ ਲੈਬ ਜਰਮਨੀ ਵਿਚ ਭੇਜਿਆ ਗਿਆ ਸੀ। ਲੈਬ ਨੇ ਆਪਣੀ ਰਿਪੋਰਟ ਵਿਚ ਆਖਿਆ ਸੀ ਕਿ ਸੂਬੇ ਦੇ ਬੱਚਿਆਂ ਅੰਦਰ ਦੂਸ਼ਿਤ ਪਾਣੀ ਕਾਰਨ ਸਰੀਰਕ, ਮਾਨਸਿਕ, ਨਾੜੀਆਂ ਦੇ ਰੋਗਾਂ ਹੋ ਰਹੇ ਹਨ। ਇਸ ਤੋਂ ਇਲਾਵਾ ਪਾਣੀ ਅੰਦਰ ਯੂਰੇਨੀਅਮ ਦੀ ਤਦਾਦ ਕਾਫੀ ਮਾਤਰਾ ਵਿਚ ਹੋਣ ਕਰਕੇ ਪੰਜਾਬ ’ਚ ਕੈਂਸਰ ਬਹੁਤ ਤੇਜੀ ਨਾਲ ਆਪਣੇ ਪੈਰ ਪਸਾਰ ਰਿਹਾ ਹੈ। ਇਸ ਨਾਲ ਪੰਜਾਬ ਦੇ ਵਸਨੀਕ ਹੋਰ ਕਈ ਰੋਗਾਂ ਦੀ ਜਕੜ੍ਹ ਵਿਚ ਆ ਰਹੇ ਹਨ। ਇਸ ਪ੍ਰਮੁੱਖ ਸਮੱਸਿਆ ਤੇ ਵੀ ਪੰਜਾਬ ਦੀਆਂ ਸਿਆਸੀ ਧਿਰਾਂ ਅਤੇ ਆਮ ਨਾਗਰਿਕਾਂ ਨੇ ਖਾਮੋਸ਼ੀ ਧਾਰ ਲਈ ਹੈ ਜਿਸ ਕਰਕੇ ਬਠਿੰਡੇ ਤੋਂ ਬੀਕਾਨੇਰ ਤੱਕ ਜਾਣ ਵਾਲੀ ਟ੍ਰੇਨ ’ਚ ਕੈਂਸਰ ਮਰੀਜ਼ਾਂ ਦੀ ਗਿਣਤੀ ਵਧਣ ਕਰਕੇ ਇਸ ਨੂੰ ਕੈਂਸਰ ਟ੍ਰੇਨ ਦਾ ਨਾਂ ਦੇ ਦਿੱਤਾ ਗਿਆ ਹੈ।

ਪੰਜਾਬ ’ਚ ਅਕਸਰ ਇਹ ਬਹਿਸ ਛਿੜਦੀ ਹੈ ਕਿ ਪੰਜਾਬ ਦੇ ਕਿਸਾਨਾਂ ਵੱਲੋਂ ਝੋਨੇ ਦੀ ਬਿਜਾਈ ਕੀਤੇ ਜਾਣ ਕਰਕੇ ਪਾਣੀ ਦਾ ਪੱਧਰ ਹਰ ਸਾਲ ਨੀਵਾਂ ਹੋ ਰਿਹਾ ਹੈ ਲੇਕਿਨ ਪੰਜਾਬ ਸਰਕਾਰ ਅਜੇ ਤੱਕ ਕਿਸਾਨਾਂ ਨੂੰ ਝੋਨੇ ਦੀ ਫਸਲ ਦਾ ਬਦਲ ਨਹੀ ਦੇ ਸਕੀ। ਹਾਲਾਂਕਿ ਕਿਸਾਨਾਂ ਨੂੰ ਝੋਨੇ ਦੀ ਬਿਜਾਈ ਅੱਜ ਦੇ ਮਹਿੰਗਾਈ ਦੇ ਦੌਰ ਵਿਚ ਬਹੁਤ ਮਹਿੰਗੀ ਪੈ ਰਹੀ ਹੈ,ਕਿਉਂਕਿ ਪਿਛਲੇ ਕੁੱਝ ਸਾਲਾਂ ਵਿਚ ਡੀਜ਼ਲ ਦੀਆਂ ਕੀਮਤਾਂ ਵਿਚ ਅਥਾਹ ਵਾਧਾ ਹੋਇਆ ਹੈ ਅਤੇ ਫਸਲਾਂ ਦੀ ਕੀਮਤ ਵਿਚ ਕਿਸਾਨ ਪੂਰੀ ਨਹੀ ਮਿਲ ਰਹੀ। ਕੇਂਦਰੀ ਬਜਟ ਵਿਚ ਸ਼ਹਿਰ ਵਿਕਾਸ ਬਜਟ ਲਈ 5,067 ਕਰੋੜ ਰੁਪਏ ਰੱਖੇ ਗਏ ਹਨ ਜਿਸ ਵਿਚ ਸਰਕਾਰ ਵੱਲੋਂ ਨਾਗਰਿਕਾਂ ਨੂੰ ਸ਼ੁੱਧ ਪਾਣੀ ਮੁਹੱਇਆ ਕਰਵਾਉਣਾ ਸ਼ਾਮਲ ਹੈ। ਲੇਕਿਨ ਸਰਕਾਰਾਂ ਨੇ ਆਪਣੇ ਪ੍ਰਬੰਧ ਤੋਂ ਆਮ ਨਾਗਰਿਕਾਂ ਦਾ ਧਿਆਨ ਭਟਕਾਉਂਦੇ ਹੋਏ ਨਿੱਜੀ ਕੰਪਨੀਆਂ ਦੇ ਆਰਓ ਸਿਸਟਮ ਤੋਂ ਮੁੱਲ ਦਾ ਪਾਣੀ ਲੈਣ ਦੀ ਨਵੀਂ ਪਿਰਤ ਪਾ ਦਿੱਤੀ ਜਿਸ ਕਰਕੇ ਆਮ ਨਾਗਰਿਕਾਂ ਨੂੰ ਦੋਹਰੀ ਮਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਪੰਜਾਬ ਸਰਕਾਰ ਲੁਧਿਆਣੇ ਦੇ ਬੁੱਢੇ ਨਾਲੇ ’ਚ ਮਿਕਸ ਹੋ ਰਹੇ ਫੈਕਟਰੀਆਂ ਦੇ ਕੈਮਿਕਲ ਮਿਕਸ ਪਾਣੀ ਦਾ ਨਹਿਰੀ ਪਾਣੀ ਵਿਚ ਮਿਕਸ ਹੋਣਾ ਨਹੀ ਰੋਕ ਸਕੀ ਹੈ। ਭਾਵੇਂ ਇਸ ਬਾਰੇ ਕੌਮੀ ਗ੍ਰੀਨ ਟ੍ਰਿਬਿਊਨਲ ਨੇ ਪੰਜਾਬ ਸਰਕਾਰ ਦੀ ਕਈ ਵਾਰ ਖਿਚਾਈ ਵੀ ਕੀਤੀ ਹੈ ਤੇ ਨਿਰਦੇਸ਼ ਜਾਰੀ ਕੀਤੇ ਪਰ ਹਰ ਵਾਰ ਇਹ ਗੰਭੀਰ ਮਸਲਾ ਸਿਆਸਤ ਦੀ ਭੇਟ ਚੜ੍ਹ ਗਿਆ।

ਜਾਣਕਾਰੀ ਮੁਤਾਬਕ ਭਾਰਤ ਵਿਚ ਇਸ ਸਮੇਂ 5842 ਰਜਿਸਟਰਡ ਕੰਪਨੀਆਂ ਹਨ, ਜੋ ਬੰਦ ਬੋਤਲ ਵਾਲਾ ਪਾਣੀ ਵੇਚਣ ਦਾ ਲਾਇਸੈਂਸੀ ਅਧਿਕਾਰ ਰਖਦੀਆਂ ਹਨ। ਇਨ੍ਹਾਂ ਵਿਚੋਂ 1495 ਯੂਨਿਟ ਕੋਲ ਫ਼ੂਡ ਸੇਫਟੀ ਐਂਡ ਸਟੈਂਡਡ ਅਥਾਰਟੀ ਆਫ ਇੰਡੀਆ (619) ਅਤੇ ਬਿਊਰੋ ਆਫ ਇੰਡੀਆ ਸਟੈਂਡਡ (29) ਦੇ ਲਾਇਸੰਸ ਹਨ। 4347 ਕੰਪਨੀਆਂ ਇਕੱਲੇ ਬੀਆਈਐਸ ਦੇ ਲਾਇਸੰਸ ਹਨ। ਭਾਰਤ ਅੰਦਰ 2013 ’ਚ ਬੋਤਲ ਬੰਦ ਪਾਣੀ ਦਾ ਵਪਾਰ 60 ਬਿਲਿਅਨ ਤੱਕ ਹੁੰਦਾ ਸੀ, ਜੋ 2018 ਵਿਚ 160 ਬਿਲਅਨ ਤੱਕ ਪਹੁੰਚ ਚੁੱਕਿਆ ਹੈ। ਬਿਸਲੇਰੀ, ਪੈਪਸੀ-ਕੋ, ਕੋਕਾ-ਕੋਲਾ, ਧਾਰੀਵਾਲ ਅਤੇ ਪਾਰਲੇ ਵਰਗੀਆਂ ਵੱਡੀਆਂ ਕੰਪਨੀਆਂ ਹਨ। ਬੰਦ ਬੋਤਲ ਰਾਹੀਂ ਸਰਕਾਰ ਨੂੰ ਇਨ੍ਹਾਂ ਕੰਪਨੀਆਂ ਮੋਟਾ ਮੁਨਾਫਾ ਟੈਕਸ ਦੇ ਰੂਪ ਵਿਚ ਆਉਂਦਾ ਹੈ। ਇਸ ਤਰਾਂ ਸਾਡੇ ਦੇਸ਼ ਦਾ ਧਰਤੀ ਦਾ ਪਾਣੀ ਸਾਨੂੰ ਹੀ ਇਹ ਕੰਪਨੀਆਂ ਮੁੱਲ ਵੇਚ ਰਹੀਆਂ ਹਨ ਤੇ ਸਰਕਾਰ ਇਸ ਕੰਮ ਵਿਚ ਭਾਗੀਦਾਰ ਹੈ। ਹੁਣ ਜੇਕਰ ਤੁਸੀਂ ਚੇਨੱਈ ਸੂਬੇ ਵਰਗੇ ਹਾਲਾਤ ਆਪਣੇ ਸੋਹਣੇ ਪੰਜਾਬ ਵਿਚ ਵੇਖਣਾ ਨਹੀ ਚਾਹੁੰਦੇ ਤਾਂ ‘ਅਜੇ ਵੀ ਸੰਭਲ ਜਾਓ . . . ਡੁਲੇ ਬੈਰਾਂ ਦਾ ਕੁੱਝ ਨਹੀ ਵਿਗੜਿਆਂ’

## ਮੋਰੋ ਪਾਰਕ ਸੀਨੀਅਰਜ਼ ਕਲੱਬ ਵੱਲੋਂ ਸਲਾਨਾ ਸਮਾਗਮ 21 ਜੁਲਾਈ ਨੂੰ

ਬਰੈਂਪਟਨ, 8 ਜੁਲਾਈ (ਪੋਸਟ ਬਿਊਰੋ)- ਮੋਰੋ ਪਾਰਕ ਸੀਨੀਅਰਜ਼ ਕਲੱਬ ਵਲੋਂ ਸਲਾਨਾ ਸਮਾਗਮ ਆਉਣ ਵਾਲੀ 21 ਜੁਲਾਈ ਦਿਨ ਐਤਵਾਰ ਨੂੰ ਮੋਰੋ ਪਾਰਕ ਬਰੈਂਪਟਨ ਵਿਖੇ ਕੀਤਾ ਜਾ ਰਿਹਾ ਹੈ। ਇਸ ਸਮਾਗਮ ਵਿਚ ਬਜ਼ੁਰਗਾਂ ਦੇ ਤਾਸ਼ ਦੇ ਮੁਕਾਬਲੇ, ਲੜਕੇ-ਲੜਕੀਆਂ ਦੀਆਂ ਵੱਖ-ਵੱਖ ਉਮਰ ਵਰਗ ਦੀਆਂ ਰੇਸਾਂ, ਔਰਤਾਂ ਦੇ ਮਿਉਜ਼ੀਕਲ ਚੇਅਰ ਮੁਕਾਬਲੇ ਆਦਿ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਬਜ਼ੁਰਗਾਂ ਦੇ ਮਨੋਰੰਜਨ ਲਈ ਕੁੱਕੜ ਰੇਸ ਵੀ ਕਰਵਾਈ ਜਾ ਰਹੀ ਹੈ। ਤਾਸ਼ ਦੀ ਐਂਟਰੀ ਫੀਸ 10 ਡਾਲਰ ਹੋਵੇਗੀ ਤੇ ਐਂਟਰੀ 21 ਤਰੀਕ ਨੂੰ 11 ਵਜੇ ਤੱਕ ਹੋਵੇਗੀ। ਜੇਤੂ ਖਿਡਾਰੀਆਂ ਨੂੰ ਇਨਾਮ ਵੀ ਦਿੱਤੇ ਜਾਣਗੇ। ਇਹ ਜਾਣਕਾਰੀ ਮੋਰੋ ਪਾਰਕ ਸੀਨੀਅਰਜ਼ ਕਲੱਬ ਦੇ ਪ੍ਰਧਾਨ ਦਲਜੀਤ ਸਿੰਘ ਢਿੱਲੋਂ ਵਲੋਂ ਦਿੱਤੀ ਗਈ। ਵਧੇਰੇ ਜਾਣਕਾਰੀ ਲਈ 647-242-0245 ਜਾਂ 416-720-1636 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

A-Grade Tutoring Centre
Since 2004
15th SUMMER TUTORING
Special 2 Months (8 weeks) Program
MATH SCIENCE ENGLISH GRADES JK - 12
Classes will Start on
- July 02 (Tuesday) 1st Batch
- July 08(Monday) 2nd Batch
- July 15 (Monday) 3rd Batch
- July 22(Monday) 4th Batch
Starting from $50 /week (JK)
* Charges may vary according to the grade
Mrs. Manmeet Bhullar, OCT
M..Sc. (Physics), B.Ed.
(Certified Teacher of Math & Science)
- Ryerson University, Toronto Graduate & certified teachers by Ontario College of Teachers.
- Providing SUMMER TUTORING classes for ALL GRADES, since 2004, according to the curriculum of Ontario schools including:
- MATHEMATICS, SCIENCE, LANGUAGE ARTS (Reading, Writing, Phonics & Grammar).
- Very low student to teacher ratio.
- *Very-Very reasonable charges.*
Mr. Pushpinder Bhullar
M.A.Sc. (Mechanical Engg.)
(Graduate of Ryerson University, Toronto)
Springdale (Main Location) Unit # 2, 1098 Peter Robertson Blvd. (Karol Bagh Plaza) (Corner of Peter Robertson & Torbram)
Call : 905-790-1516

ਜ਼ਰੂਰ ਜਾਣੋ; ਗਿਆਨ ਗੰਗਾ
॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥
Sant Rampalji Maharaj Spiritual Discourse in Brampton on Sunday, September 1, 2019 from 10am to 12pm
Venue: 31 Kilkarrin Rd, Brampton, ON L7A 4C6
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date
Residential | Commercial | Investment
Jagdish Grewal
Sales Representative
(416) 970-5005
Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਸੱਤਾ ਵਰਗ 70 ਸਾਲਾਂ ਤੋਂ ਕਿਤੇ 'ਅਪਰਾਧ' ਤਾਂ ਨਹੀਂ ਕਰ ਰਿਹਾ

-ਐਨ ਕੇ ਸਿੰਘ

ਨੀਤੀ ਆਯੋਗ ਨੇ 23 ਪੈਮਾਨਿਆਂ ਉਤੇ ਆਧਾਰਤ ਸਿਹਤ ਦਾ ਸਾਲਾਨਾ ਸੂਚਕ ਅੰਕ ਪਿੱਛੇ ਜਿਹੇ ਜਾਰੀ ਕੀਤਾ ਹੈ। ਬਹੁਤ ਬੇਸ਼ਰਮੀ ਭਰੀ ਭਾਵਨਾ ਨਾਲ ਯੂ ਪੀ ਅਤੇ ਬਿਹਾਰ ਸਭ ਤੋਂ ਹੇਠਲੇ ਪੱਧਰ ਉਤੇ ਰਹੇ। ਜੋ ਗੱਲ ਕਿਸੇ ਵਿਸ਼ਲੇਸ਼ਕ ਨੇ ਨਹੀਂ ਦੇਖੀ, ਉਹ ਇਹ ਕਿ ਸੰਨ 2015-16 ਦੇ ਮੁਕਾਬਲੇ 2017-18 ਵਿੱਚ ਸਿਹਤ ਸੇਵਾਵਾਂ ਵਿੱਚ ਗਿਰਾਵਟ ਬਿਹਾਰ ਵਿੱਚ ਸਭ ਤੋਂ ਵੱਧ (6.35 ਫੀਸਦੀ) ਰਹੀ।

ਸਿਹਤ ਸਹੂਲਤਾਂ ਦੀ ਘਾਟ ਕਾਰਨ ਭਾਰਤ ਵਿੱਚ ਲੱਖਾਂ ਬੱਚੇ ਪਿਛਲੇ ਕਈ ਦਹਾਕਿਆਂ ਤੋਂ ਹਰ ਸਾਲ ਅਣਿਆਈ ਮੌਤੇ ਮਰ ਜਾਂਦੇ ਹਨ। ਇਸ ਸਾਲ ਨੀਤੀ ਆਯੋਗ ਨੇ ਕੇਂਦਰੀ ਤੇ ਰਾਜ ਦੀਆਂ ਸਰਕਾਰਾਂ ਨੂੰ ਸ਼ੀਸ਼ਾ ਦਿਖਾਇਆ, ਪਰ ਸੱਤਾ ਚਲਾਉਣ ਲਈ ਖੱਲ ਮੋਟੀ ਰੱਖਣੀ ਜ਼ਰੂਰੀ ਹੈ, ਤਦੇ ਹੀ ਪਿਛਲੇ ਸਾਲ ਪਾਰਲੀਮੈਂਟ ਵਿੱਚ ਭਾਰਤ ਦੇ ਸਿਹਤ ਮੰਤਰੀ ਨੇ ਕੁਝ ਅੰਕੜੇ ਦਿੱਤੇ ਸਨ, ਜਿਨ੍ਹਾਂ ਮੁਤਾਬਕ ਭਾਰਤ ਅਤੇ ਰਾਜਾਂ ਦੀਆਂ ਸਰਕਾਰਾਂ ਦਾ ਸਿਹਤ ਨੀਤੀ ਬਾਰੇ ਖਰਚਾ ਦੁਨੀਆ 'ਚ ਸਭ ਤੋਂ ਘੱਟ ਹੈ। ਇਥੋਂ ਤੱਕ ਕਿ ਦੁਨੀਆ ਦੇ ਸਭ ਤੋਂ ਗਰੀਬ ਦੇਸ਼ਾਂ ਨਾਲੋਂ ਵੀ ਘੱਟ। ਹੈਰਾਨੀ ਦੀ ਗੱਲ ਇਹ ਹੈ ਕਿ ਦੇਸ਼ ਵਿੱਚ ਸਿਹਤ ਖੇਤਰ 'ਤੇ ਸਭ ਤੋਂ ਘੱਟ ਖਰਚਾ ਕਰਨ ਵਾਲਾ ਸੂਬਾ ਬਿਹਾਰ ਹੈ, ਪਰ ਪਿਛਲੇ 12 ਸਾਲਾਂ ਤੋਂ ਸੱਤਾ ਉੱਤੇ ਕਾਬਜ਼ ਇਸ ਰਾਜ ਦੇ ਮੁੱਖ ਮੰਤਰੀ ਨੂੰ 'ਸੁਸ਼ਾਸਨ ਬਾਬੂ' ਕਿਹਾ ਜਾਂਦਾ ਹੈ।

ਮਾਲਦੀਵ ਵਰਗੇ ਦੇਸ਼ ਦਾ ਵੀ ਸਾਡੇ ਮੁਕਾਬਲੇ ਪ੍ਰਤੀ ਵਿਅਕਤੀ ਖਰਚਾ ਆਪਣੇ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਦੀ ਦਰ ਦੇ ਮੁਕਾਬਲੇ ਪੰਜ ਗੁਣਾ ਹੈ, ਜਦ ਕਿ ਭੂਟਾਨ, ਥਾਈਲੈਂਡ ਤੇ ਸ੍ਰੀਲੰਕਾ ਵੀ ਕਾਫੀ ਅੱਗੇ ਹਨ, ਪਰ ਜਦੋਂ ਸੱਤਾ ਪੱਖ ਵੋਟਾਂ ਲਈ ਲੋਕਾਂ ਕੋਲ ਜਾਂਦਾ ਹੈ ਤਾਂ ਕਹਿੰਦਾ ਹੈ ਕਿ 'ਅੱਜ ਭਾਰਤ ਨੇ ਇੰਨਾ ਵਿਕਾਸ ਕਰ ਲਿਆ ਹੈ ਕਿ ਜੀ ਡੀ ਪੀ 'ਚ ਅਸੀਂ ਦੁਨੀਆ 'ਚ ਪੰਜਵੇਂ ਨੰਬਰ 'ਤੇ ਆ ਗਏ ਹਾਂ।' ਨਾਸਮਝ ਲੋਕ ਇਹ ਮੰਨ ਲੈਂਦੇ ਹਨ ਕਿ ਉਨ੍ਹਾਂ ਦੇ 'ਜਿਗਰ ਦੇ ਟੋਟੇ' (ਉਨ੍ਹਾਂ ਦੇ ਬੱਚੇ) ਦਾ ਬੀਮਾਰ ਹੋਣਾ ਤੇ ਡਾਕਟਰੀ ਸਹੂਲਤ ਦੀ ਘਾਟ ਮੌਤ ਦੇ ਮੂੰਹ ਵਿੱਚ ਚਲੇ ਜਾਣਾ ਉਸ ਦੀ ਕਿਸਮਤ ਹੈ (ਜਾਂ ਲੀਚੀ ਖਾਣ/ ਖੁਆਉਣ ਦਾ ਦੋਸ਼ ਹੋਵੇਗਾ)। ਬੱਚੇ ਨੂੰ ਕਫਨ ਵਿੱਚ ਲਪੇਟੇ ਹੋਏ ਵੀ ਲੋਕ 70 ਸਾਲਾਂ ਤੋਂ ਇਹੋ ਸਮਝੀ ਜਾਂਦੇ ਹਨ ਕਿ ਜੀ ਡੀ ਪੀ ਵਾਲਿਊਮ ਵਿੱਚ ਇੰਗਲੈਂਡ ਤੋਂ ਅੱਗੇ ਨਿਕਲ ਜਾਣਾ ਜਾਂ ਸਾਡੇ ਨੇਤਾ ਦਾ ਦੁਨੀਆ ਦੇ ਵੱਡੇ ਨੇਤਾਵਾਂ ਦੇ ਗਲੇ ਮਿਲਣਾ ਅਤੇ ਬਰਾਬਰ ਬੈਠ ਕੇ ਠਹਾਕੇ ਲਗਾਉਣਾ ਹੀ ਵਿਕਾਸ ਹੈ।

ਸਾਲ 2017 ਵਿੱਚ ਇਕ ਕੌਮੀ ਸਿਹਤ ਨੀਤੀ ਬਣਾਈ ਗਈ ਅਤੇ ਇਸੇ ਸਿਹਤ ਮੰਤਰੀ ਨੇ ਲੋਕ ਸਭਾ 'ਚ ਐਲਾਨ ਕੀਤਾ ਕਿ ਇਸ ਮਦ ਵਿੱਚ ਖਰਚਾ ਜੀ ਡੀ ਪੀ ਦਾ 2.50 ਫੀਸਦੀ ਕੀਤਾ ਜਾਵੇਗਾ (ਭਾਵ ਦੁੱਗਣੇ ਤੋਂ ਵੀ ਵੱਧ), ਪਰ ਇਹ ਐਲਾਨ ਸ਼ਾਇਦ ਹੀ ਅਮਲ 'ਚ ਆਉਂਦੇ ਹਨ। ਬਜਟ ਆਉਣ 'ਤੇ ਪਤਾ ਲੱਗਾ ਕਿ ਖਰਚੇ ਵਿੱਚ ਹੋਰ ਕਟੌਤੀ ਹੋ ਗਈ ਹੈ।

ਸਮਝ ਨਹੀਂ ਆਉਂਦੀ ਕਿ ਜਦੋਂ ਤੜਫਦੇ ਲੋਕ, ਬੀਮਾਰ ਬੁੱਢੀ ਔਰਤ ਜਾਂ ਪੁੱਤ ਦੇ ਗਮ 'ਚ ਵਿਰਲਾਪ ਕਰਦੀ ਮਾਂ ਦੀ ਵੋਟ ਨਾਲ ਇਹ ਲੋਕ ਸੱਤਾ 'ਚ ਸਾਲ-ਦਰ-ਸਾਲ ਅਤੇ ਦਹਾਕਿਆਂ ਤੱਕ ਸੁੱਖ ਭੋਗ ਰਹੇ ਹਨ ਤਾਂ ਸਿਹਤ ਅਤੇ ਸਿੱਖਿਆ ਪ੍ਰਤੀ ਇਹ ਅਪਰਾਧਿਕ ਉਦਾਸੀਨਤਾ ਕਿਉਂ ਅਤੇ ਕਿਵੇਂ ਸੰਭਵ ਹੈ?

ਪਿਛਲੇ 10 ਸਾਲਾਂ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਸਿਹਤ ਖੇਤਰ 'ਤੇ ਕੁੱਲ ਮਿਲਾ ਕੇ ਸਿਰਫ ਤਿੰਨ ਰੁਪਏ ਤੋਂ ਕੁਝ ਘੱਟ ਪ੍ਰਤੀ ਵਿਅਕਤੀ ਰੋਜ਼ ਖਰਚ ਕਰਦੀਆਂ ਹਨ। ਬਿਹਾਰ ਵਿੱਚ ਇਹ ਖਰਚਾ ਸਿਰਫ 1.20 ਰੁਪਏ ਹੈ ਅਤੇ ਇਸ ਵਿੱਚੋਂ ਵੀ ਤਨਖਾਹ ਅਤੇ ਸਰਕਾਰੀ ਸਿਹਤ ਤੰਤਰ ਨੂੰ ਚਲਾਉਣ 'ਚ ਇਸ ਦਾ 75 ਫੀਸਦੀ ਹਿੱਸਾ ਚਲਾ ਜਾਂਦਾ ਹੈ, ਭਾਵ ਦਵਾਈ ਦਾਰੂ ਲਈ ਸਿਰਫ 30 ਪੈਸੇ ਬਚਦੇ ਹਨ (ਉਂਝ ਇਥੇ ਸ਼ਰਾਬਬੰਦੀ ਕਾਰਨ ਦਾਰੂ ਮਹਿੰਗੀ ਹੈ)।

ਜੇ ਇਹ ਸਰਕਾਰਾਂ ਲੋਕਾਂ ਦੀ ਸਿਹਤ ਪ੍ਰਤੀ ਉਦਾਸੀਨ ਹਨ ਤਾਂ ਅਜਿਹਾ ਨਹੀਂ ਹੁੰਦਾ ਕਿ ਗਰੀਬ ਆਦਮੀ ਆਪਣੇ ਧੀ ਪੁੱਤ ਨੂੰ ਦਮ ਤੋੜਦਾ ਦੇਖਦਾ ਰਹੇ। ਉਹ ਮਹਿੰਗੇ ਪ੍ਰਾਈਵੇਟ ਹਸਪਤਾਲ ਦਾ ਸਹਾਰਾ ਲੈਂਦਾ ਤੇ ਇਲਾਜ ਕਰਵਾਉਣ ਲਈ ਅਨਾਜ ਵੇਚਦਾ ਹੈ, ਲੋੜ ਪੈਣ ਉੱਤੇ ਖੇਤ ਵੇਚ ਦਿੰਦਾ ਹੈ। ਹਰ ਸਾਲ ਬੀਮਾਰੀ ਕਾਰਨ ਆਪਣੇ ਪੱਲਿਓਂ ਪੈਸਾ ਖਰਚ ਕਰਨ ਕਰਕੇ ਲਗਭਗ ਚਾਰ ਕਰੋੜ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਚਲੇ ਜਾਂਦੇ ਹਨ ਤੇ ਉਨ੍ਹਾਂ ਤੋਂ ਫਿਰ ਉਠਿਆ ਨਹੀਂ ਜਾਂਦਾ।

ਦੇਸ਼ ਦਾ ਸਭ ਤੋਂ ਗਰੀਬ ਸੂਬਾ ਬਿਹਾਰ ਕਿਉਂਕਿ ਸਭ ਤੋਂ ਵੱਧ ਸਰਕਾਰੀ ਸਿਹਤ ਸਹੂਲਤਾਂ ਦੀ ਘਾਟ ਦਾ ਸਾਹਮਣਾ ਕਰਦਾ ਹੈ, ਇਸ ਲਈ ਦੇਸ਼ 'ਚ ਸਭ ਤੋਂ ਜ਼ਿਆਦਾ ਆਪਣੇ ਪੱਲਿਓਂ ਖਰਚ ਕਰਕੇ ਬੀਮਾਰ ਬੱਚਿਆਂ ਅਤੇ ਬੁੱਢੇ ਮਾਂ ਪਿਉ ਨੂੰ ਬਚਾਉਣ ਦਾ ਕੰਮ ਵੀ ਇਥੋਂ ਦੇ ਲੋਕ ਕਰਦੇ ਹਨ। ਹਿਮਾਚਲ ਪ੍ਰਦੇਸ਼ ਦੀ ਸਰਕਾਰ ਆਪਣੇ ਲੋਕਾਂ ਦੀ ਸਿਹਤ 'ਤੇ ਲਗਭਗ 2500 ਰੁਪਏ ਪ੍ਰਤੀ ਵਿਅਕਤੀ ਸਾਲਾਨਾ ਖਰਚ ਕਰਦੀ ਹੈ ਤਾਂ ਬਿਹਾਰ ਦੀ ਸਰਕਾਰ ਸਿਰਫ 450 ਰੁਪਏ, ਜੋ ਇਕ ਆਮ ਡਾਕਟਰ ਦੀ ਇਕ ਵਾਰ ਦੀ ਫੀਸ ਤੋਂ ਅੱਧਾ ਵੀ ਨਹੀਂ। ਯੂ ਪੀ ਸਰਕਾਰ ਇਸ ਮਦ 'ਚ 890 ਰੁਪਏ ਖਰਚ ਕਰਦੀ ਹੈ। ਸਿੱਟੇ ਵਜੋਂ ਜਿਥੇ ਬਿਹਾਰ ਦੇ ਗਰੀਬ ਲੋਕਾਂ ਨੂੰ ਸਰਕਾਰੀ ਖਰਚੇ ਦਾ ਪੰਜ ਗੁਣਾ ਆਪਣੀ ਜੇਬ ਵਿੱਚੋਂ ਲਾਉਣਾ ਪੈਂਦਾ ਹੈ। ਹਿਮਾਚਲ ਦੇ ਲੋਕ ਸ਼ਾਇਦ ਹੀ ਪ੍ਰਾਈਵੇਟ ਡਾਕਟਰਾਂ ਅਤੇ ਨਰਸਿੰਗ ਹੋਮਜ਼ ਦਾ ਸ਼ਿਕਾਰ ਬਣਦੇ ਹਨ। ਬਿਹਾਰ ਦਾ ਹਰ ਦੂਜਾ ਬੱਚਾ ਕੁਪੋਸ਼ਣ ਦਾ ਸ਼ਿਕਾਰ ਹੈ। ਕੁੱਲ ਮਿਲਾ ਕੇ ਇਸ ਸਰਕਾਰੀ ਉਦਾਸੀਨਤਾ ਕਾਰਨ ਸਿਹਤ ਉਤੇ ਲੋਕਾਂ ਦਾ ਆਪਣੇ ਪੱਲਿਓਂ ਖਰਚਾ ਵਧਦਾ ਜਾਂਦਾ ਹੈ ਅਤੇ ਸਰਕਾਰ ਦਾ ਘਟਦਾ ਜਾ ਰਿਹਾ ਹੈ।

10 ਸਾਲਾਂ ਦੇ ਸਰਕਾਰੀ ਅੰਕੜਿਆਂ ਮੁਤਾਬਕ ਉਤਰੀ ਭਾਰਤ ਦੇ ਚਾਰ ਵੱਡੇ ਰਾਜਾਂ-ਯੂ ਪੀ, ਬਿਹਾਰ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਦੇ ਲੋਕ ਮਜਬੂਰੀ ਵਿੱਚ ਘਰ ਅਤੇ ਜ਼ਮੀਨਾਂ ਵੇਚ ਕੇ ਆਪਣਾ ਇਲਾਜ ਕਰਵਾ ਰਹੇ ਹਨ। ਪੂਰੇ ਦੇਸ਼ 'ਚ ਸਿਹਤ ਖੇਤਰ 'ਚ ਜਿੰਨਾ ਕੁੱਲ ਖਰਚਾ (ਸਰਕਾਰੀ ਤੇ ਪ੍ਰਾਈਵੇਟ ਜੇਬ 'ਚੋਂ) ਹੈ, ਲਗਭਗ ਓਨੇ ਮੁੱਲ ਦਾ ਅਨਾਜ ਇਹ ਦੇਸ਼ ਪੈਦਾ ਕਰਦਾ ਹੈ, ਭਾਵ ਜੋ ਕੰਮ ਲੋਕਾਂ ਨੇ ਕਰਨਾ ਹੈ (ਖੇਤੀ) ਉਸ ਨਾਲ ਉਨ੍ਹਾਂ ਦਾ ਢਿੱਡ ਹੀ ਭਰਦਾ ਹੈ। ਕੁਝ ਅਨਾਜ ਵਿਦੇਸ਼ ਭੇਜਣ ਲਾਇਕ ਵੀ ਪੈਦਾ ਕੀਤਾ ਹੈ, ਪਰ ਜਦੋਂ ਕਿਸਾਨ ਬੀਮਾਰ ਪੈਂਦਾ ਹੈ ਤਾਂ ਸਰਕਾਰ ਉਸ ਨੂੰ 'ਰੱਬ ਆਸਰੇ' ਛੱਡ ਦਿੰਦੀ ਹੈ। ਦੇਸ਼ ਵਿੱਚ ਲਗਭਗ ਛੇ ਲੱਖ ਕਰੋੜ ਰੁਪਏ ਦਾ ਅਨਾਜ ਪੈਦਾ ਹੁੰਦਾ ਹੈ ਅਤੇ ਇੰਨਾ ਹੀ ਖਰਚਾ ਸਿਹਤ 'ਤੇ ਆਉਂਦਾ ਹੈ। ਇਸ 'ਚ ਸਰਕਾਰ ਸਿਰਫ ਇਕ ਤਿਹਾਈ ਖਰਚਾ ਕਰਦੀ ਹੈ ਤੇ ਬਾਕੀ ਦੋ ਤਿਹਾਈ ਖਰਚਾ ਗਰੀਬਾਂ ਨੂੰ ਆਪਣੀ ਜਾਇਦਾਦ ਵੇਚ ਕੇ ਕਰਨਾ ਪੈਂਦਾ ਹੈ, ਭਾਵ ਜੇ ਪਰਵਾਰ 'ਚ ਕੋਈ ਗੰਭੀਰ ਬੀਮਾਰ ਪੈ ਜਾਵੇ ਤਾਂ ਉਹ ਕਿਸਾਨ ਤੋਂ ਖੇਤ ਮਜ਼ਦੂਰ ਬਣ ਜਾਂਦਾ ਹੈ। ਉਸ ਨਾਲ ਵੀ ਪੂਰਾ ਨਹੀਂ ਪੈਂਦਾ ਤਾਂ ਦਿੱਲੀ ਨਾਲ ਲੱਗਦੇ ਨੋਇਡਾ ਜਾਂ ਚੰਡੀਗੜ੍ਹ ਜਾਂ ਕੇਰਲ ਵਿੱਚ ਜਾ ਕੇ ਇੱਟਾਂ ਗਾਰਾ ਢੋਣ ਲੱਗਦਾ ਹੈ। ਇਸ ਤੋਂ ਪਾਠਕ ਸਮਝ ਗਏ ਹੋਣਗੇ ਕਿ ਕਿਉਂ ਇਸ ਦੇਸ਼ 'ਚ ਪਿਛਲੇ 25 ਸਾਲਾਂ ਤੋਂ ਹਰੇਕ 37 ਮਿੰਟਾਂ 'ਚ ਇਕ ਕਿਸਾਨ ਖੁਦਕੁਸ਼ੀ ਕਰ ਰਿਹਾ ਹੈ ਅਤੇ ਕਿਉਂ ਇਸੇ ਦੌਰਾਨ ਰੋਜ਼ 2052 ਕਿਸਾਨ ਖੇਤੀ ਛੱਡ ਦਿੰਦੇ ਹਨ।

ਸਰਕਾਰਾਂ ਕਿਸਾਨਾਂ ਦੀ ਖੁਦਕੁਸ਼ੀ ਦੀ ਵਜ੍ਹਾ ਘਰੇਲੂ ਝਗੜੇ ਜਾਂ ਬੀਮਾਰੀ ਨੂੰ ਦੱਸਦੀਆਂ ਹਨ। ਜਦੋਂ ਲਗਭਗ 180 ਬੱਚੇ (ਬਹੁਤ ਬੇਹੱਦ ਗਰੀਬ ਦਲਿਤ ਵਰਗ ਦੇ) 'ਚਮਕੀ ਬੁਖਾਰ' ਨਾਲ ਮਰ ਗਏ ਤਾਂ ਲੀਚੀ ਅਤੇ ਗਰੀਬਾਂ ਦੀ ਮੈਡੀਕਲ ਸਾਇੰਸ ਪ੍ਰਤੀ ਨਾਸਮਝੀ 'ਤੇ ਇਲਜ਼ਾਮ ਮੜ੍ਹ ਦਿੱਤਾ ਗਿਆ।

# ਜਦ ਮੈਂ ਵੇਖਿਆ ਗੱਡੀਆਂ ਵਾਲਿਆਂ ਦਾ ਵਿਆਹ

-ਕਮਲ ਬਰਾੜ

ਪਿੰਡਾਂ ਵਿੱਚ ਆਪਣੀਆਂ ਬੈਲ ਗੱਡੀਆਂ ਨੂੰ ਕਾਫਲੇ ਦੇ ਰੂਪ ਵਿੱਚ ਲੈ ਕੇ ਘੁੰਮਣ ਵਾਲੇ ਇਨ੍ਹਾਂ ਲੋਕਾਂ ਨੂੰ ਪੰਜਾਬ ਵਿੱਚ 'ਗੱਡੀਆਂ ਵਾਲੇ' ਕਿਹਾ ਜਾਂਦਾ ਹੈ। ਪਿੰਡਾਂ ਵਿੱਚ ਇਨ੍ਹਾਂ ਦਾ ਆਧਾਰ ਅੱਜ ਕੱਲ੍ਹ ਘੱਟ ਚੁੱਕਾ ਹੈ, ਫਿਰ ਵੀ ਕੜਛੀਆਂ, ਚਿਮਟੇ, ਤੱਕਲੇ, ਖੁਰਚਣੇ, ਬੱਠਲ ਆਦਿ ਦੀ ਮੁਰੰਮਤ ਕਰਨੀ, ਡੱਬਿਆਂ, ਪੀਪਿਆਂ ਨੂੰ ਢੱਕਣ ਲਾਉਣਾ ਇਨ੍ਹਾਂ ਦਾ ਮੁੱਖ ਕੰਮ ਜਾਰੀ ਹੈ। ਮੈਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਭੂਆ ਦੇ ਪਿੰਡ ਗਿਆ ਸੀ। ਉਥੇ ਕੁਝ ਘਰ ਗੱਡੀਆਂ ਵਾਲਿਆਂ ਦੇ ਹਨ। ਆਮ ਕਰ ਕੇ ਇਹ ਲੋਕ ਆਪਣਾ ਜੱਦੀ ਪੁਸ਼ਤੀ ਕੰਮ ਛੱਡ ਚੁੱਕੇ ਤੇ ਪਿੰਡ ਦੇ ਬਾਕੀ ਗਰੀਬਾਂ ਵਾਂਗ ਦਿਹਾੜੀਆਂ ਕਰਦੇ ਹਨ। ਇਨ੍ਹਾਂ ਨੇ ਸ਼ਰਨਾਰਥੀਆਂ ਦੀ ਤਰ੍ਹਾਂ ਜੀਵਨ ਜਿਊਣਾ ਛੱਡ ਦਿੱਤਾ ਹੈ ਤੇ ਪਿੰਡਾਂ ਵਿੱਚ ਆਪਣੇ ਪੱਕੇ ਘਰ ਬਣਾ ਲਏ ਹਨ। ਇਥੋਂ ਦੇ ਇਹ ਪੱਕੇ ਵਸਨੀਕ ਬਣ ਚੁੱਕੇ ਹਨ। ਇਨ੍ਹਾਂ ਨੇ ਆਪਣਾ ਪਹਿਰਾਵਾ, ਬੋਲੀ, ਵਿਆਹ ਢੰਗ ਅੱਜ ਵੀ ਆਪਣੇ ਅਪਣਾਏ ਹੋਏ ਹਨ ਕਿਉਂਕਿ ਇਹ ਸਮਝਦੇ ਹਨ ਕਿ ਕੋਈ ਵੀ ਕੌਮ ਜਦ ਆਪਣੀਆਂ ਜੜ੍ਹਾਂ ਤੋਂ ਟੁੱਟ ਜਾਂਦੀ ਹੈ ਤਾਂ ਉਹ ਖਤਮ ਹੋ ਜਾਂਦੀ ਹੈ।

ਮੈਨੂੰ ਆਪਣੀ ਭੂਆ ਦੇ ਪਿੰਡ ਗੱਡੀਆਂ ਵਾਲਿਆਂ ਦਾ ਵਿਆਹ ਵੇਖਣ ਦਾ ਮੌਕਾ ਮਿਲਿਆ। ਮੈਨੂੰ ਬੜੀ ਉਤਸੁਕਤਾ ਸੀ ਇਹ ਵਿਆਹ ਵੇਖਣ ਦੀ ਕਿ ਰਾਜਪੂਤਾਂ ਦੀ ਵੰਸ਼ ਦੇ ਇਨ੍ਹਾਂ ਲੋਕਾਂ ਦੇ ਵਿਆਹ ਢੰਗ ਕਿੱਦਾਂ ਦੇ ਹੁੰਦੇ ਹਨ। ਇਹ ਆਪਣੀ ਭਾਸ਼ਾ ਵਿੱਚ ਵਿਆਹ ਦੀ ਖੁਸ਼ੀ ਵਿੱਚ ਬੋਲੀਆਂ ਪਾ ਰਹੇ ਸਨ। ਇਨ੍ਹਾਂ ਦੀ ਭਾਸ਼ਾ ਸਮਝ ਤੋਂ ਪਰੇ ਸੀ, ਪਰ ਇਨ੍ਹਾਂ ਦੇ ਚਿਹਰੇ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ ਇਹ ਵੀ ਖੁਸ਼ੀ ਦੇ ਮੌਕਿਆਂ ਨੂੰ ਕਿੰਨੀ ਰੀਝ ਨਾਲ ਹੰਢਾਉਂਦੇ ਹਨ। ਵਿਹੜੇ ਵਿੱਚ ਹੁੱਕੇ ਦਾ ਖਾਸ ਤੌਰ 'ਤੇ ਪ੍ਰਬੰਧ ਕੀਤਾ ਗਿਆ ਸੀ। ਰਿਸ਼ਤੇਦਾਰ ਆ ਰਹੇ ਸਨ ਅਤੇ ਹੁੱਕਾ ਪੀ ਰਹੇ ਸਨ। ਸਭ ਤੋਂ ਵੱਡੀ ਗੱਲ ਮੈਨੂੰ ਇਨ੍ਹਾਂ ਦੇ ਵਿਆਹ ਦੀ ਇਹ ਲੱਗੀ ਕਿ ਇਹ ਬਹੁਤੀ ਆਉਭਗਤ ਨਹੀਂ ਕਰਵਾਉਂਦੇ, ਜੋ ਕੁਝ ਇਨ੍ਹਾਂ ਦੇ ਘਰ ਵਾਲਿਆਂ ਨੇ ਖਾਣ ਪੀਣ ਦਾ ਪ੍ਰਬੰਧ ਕੀਤਾ ਸੀ, ਉਹ ਉਸੇ ਹੀ ਖੁਸ਼ ਸਨ। ਖਾਣ ਪੀਣ ਦੇ ਬਹੁਤੇ ਪਕਵਾਨ ਨਹੀਂ ਸਨ, ਪਰ ਹਲਵਾਈ ਤੋਂ ਪਤਾ ਲੱਗਾ ਕਿ ਇੱਕ ਜੋੜੀ ਭਾਵ ਇੱਕ ਮਰਦ ਔਰਤ ਲਈ ਤਿੰਨ ਤੋਂ ਚਾਰ ਕਿੱਲੋ ਮੀਟ



ਰੱਖਿਆ ਗਿਆ ਸੀ। ਗੱਡੀਆਂ ਵਾਲਿਆਂ ਦੀ ਸਰੀਰਕ ਸਜਾਵਟ ਤੋਂ ਵੀ ਸਪੱਸ਼ਟ ਹੁੰਦਾ ਹੈ ਕਿ ਇਹ ਪੰਜਾਬੀਆਂ ਵਾਂਗ ਖਾਣ ਪੀਣ ਦੇ ਖੁੱਲ੍ਹੇ ਹੁੰਦੇ ਹਨ।

ਖਾਣਾ ਖਾ ਕੇ ਸਾਰੇ ਰਿਸ਼ਤੇਦਾਰ ਦਰੀਆਂ ਵਿਛਾ ਕੇ ਹੇਠ ਬੈਠ ਗਏ। ਇੱਕ ਵਿਅਕਤੀ ਨੂੰ ਆਪਣੀ-ਆਪਣੀ ਸਮਰੱਥਾ ਅਨੁਸਾਰ ਸਾਰੇ ਪੈਸੇ ਦੇ ਰਹੇ ਸਨ ਤੇ ਉਨ੍ਹਾਂ ਵਿੱਚੋਂ ਇੱਕ ਕਾਪੀ ਉਤੇ ਲਿਖ ਰਿਹਾ ਸੀ। ਮੈਨੂੰ ਕੁਝ ਸਮਝ ਨਹੀਂ ਆ ਰਹੀ ਸੀ ਕਿ ਇਹ ਕੀ ਕਰ ਰਹੇ ਸਨ? ਪੁੱਛਣ ਉੱਤੇ ਪਤਾ ਲੱਗਾ ਕਿ ਇਹ ਸਾਰੇ ਪੈਸੇ ਇਕੱਠੇ ਕਰ ਕੇ ਵਿਆਹ ਵਾਲੇ ਪਰਵਾਰ ਨੂੰ ਦਿੱਤੇ ਜਾਣਗੇ। ਇਹ ਸਾਰੇ ਇਕੱਠੇ ਹੋ ਕੇ ਵਿਆਹ ਕਰਨਗੇ। ਕਾਪੀ ਉੱਤੇ ਇਸ ਲਈ ਲਿਖਿਆ ਜਾਣਾ ਹੈ ਕਿ ਜੇ ਹੋਰ ਕਿਸੇ ਰਿਸ਼ਤੇਦਾਰ ਦਾ ਵਿਆਹ ਹੋਵੇਗਾ ਤਾਂ ਇਸ ਨਾਲ ਪਤਾ ਲੱਗ ਸਕੇਗਾ ਕਿ ਕਿਸ ਨੇ ਕਿੰਨੇ ਪੈਸੇ ਦਿੱਤੇ ਸਨ। ਗੱਡੀਆਂ ਵਾਲਿਆਂ ਦੀ ਇਸ ਪਰੰਪਰਾ ਨੇ ਮੇਰੇ ਮਨ ਵਿੱਚ ਕਈ ਵਿਚਾਰ ਪੈਦਾ ਕਰ ਦਿੱਤੇ, ਸਾਡੇ ਤੇ ਬਾਕੀ ਸਾਰਿਆਂ ਦੇ ਰਿਸ਼ਤੇਦਾਰਾਂ ਪ੍ਰਤੀ।

ਸਾਡੇ ਵੀ ਵਿਆਹ ਹੁੰਦੇ ਹਨ। ਸਾਡੀ ਕੋਸ਼ਿਸ਼ ਹੁੰਦੀ ਹੈ ਕਿ ਰਿਸ਼ਤੇਦਾਰਾਂ ਵਿੱਚ ਸਾਡੀ ਨੱਕ ਨਾ ਵੱਢੀ ਜਾਵੇ। ਅਸੀਂ ਲੱਖਾਂ ਰੁਪਏ ਵਿਆਹਾਂ 'ਤੇ ਰੋੜ੍ਹੇ ਦਿੰਦੇ ਹਾਂ, ਇੱਕ ਸਿਰਫ ਆਪਣੀ ਨੱਕ ਬਚਾਉਣ ਤੇ ਫੋਕੀ ਸ਼ੋਹਰਤ ਖੱਟਣ ਲਈ ਤੇ ਸਾਡੇ ਰਿਸ਼ਤੇਦਾਰ ਚਾਹੁੰਦੇ ਹਨ ਕਿ ਵਿਆਹ ਵਿੱਚ ਉਨ੍ਹਾਂ ਦੀ ਸੇਵਾ ਵਿੱਚ ਕੋਈ ਕਮੀ ਨਾ ਰਹਿ ਜਾਵੇ। ਅਸੀਂ ਕਿਉਂ ਨਹੀਂ ਇਹ ਪਰੰਪਰਾ ਚਲਾ ਸਕਦੇ? ਸਾਡੇ ਰਿਸ਼ਤੇਦਾਰ ਬਹੁਤ ਜ਼ਿਆਦਾ ਗਿਣਤੀ ਵਿੱਚ ਤੇ ਅਮੀਰ ਵੀ ਹੁੰਦੇ ਹਨ। ਅਸੀਂ ਕਰਜ਼ੇ ਹੇਠ ਕਿਉਂ ਦੱਬ ਰਹੇ ਹਾਂ? ਕੀ ਸਾਡੇ ਰਿਸ਼ਤੇਦਾਰ ਸਾਡੇ ਨਾਲ ਵਿਖਾਵੇ ਦਾ ਲਗਾਅ ਰੱਖਦੇ ਹਨ? ਮੈਨੂੰ ਲੱਗਦਾ ਹੈ ਕਿ ਜੇ ਅਸੀਂ ਇਸ ਤਰ੍ਹਾਂ ਮਿਲ ਕੇ ਵਿਆਹ ਕਰਨ ਲੱਗੀਏ ਤਾਂ ਇਹ ਵਿਆਹ ਲੰਮੇ ਸਮੇਂ ਦੀ ਖੁਸ਼ੀ ਦੇਣਗੇ। ਮੈਂ ਇਹ ਵਿਚਾਰ ਲੈ ਕੇ ਉਸ ਵਿਆਹ ਤੋਂ ਵਾਪਸ ਆਇਆ, ਪਰ ਮੈਨੂੰ ਲੱਗਾ ਕਿ ਅਜਿਹੀ ਪਰੰਪਰਾ ਚਲਾ ਕੇ ਗੱਡੀਆਂ ਵਾਲੇ ਗੱਲਾਂ ਵੱਡੀਆਂ ਕਰ ਗਏ।

# ਸਵਾਸਾਂ ਦੀ ਆਸ ਹੁੰਦਾ ਹੈ ਡਾਕਟਰ

-ਗੁਰਦੇਵ ਨਾਰਲੀ-

ਜਦੋਂ ਗੱਲ ਮਨੁੱਖੀ ਤੰਦਰੁਸਤੀ ਜਾਂ ਕਿਸੇ ਵੀ ਛੋਟੀ ਮੋਟੀ ਬਿਮਾਰੀ ਦੀ ਚੱਲਦੀ ਹੈ ਤਾਂ ਝੱਟ ਖਿਆਲ ਡਾਕਟਰ ਵਾਲੇ ਪਾਸੇ ਨੂੰ ਜਾਂਦਾ ਹੈ। ਇਸ ਦਾ ਕਾਰਨ ਸ਼ਾਇਦ ਡਾਕਟਰ ਉਤੇ ਭਰੋਸਾ ਤੇ ਉਸ ਵੱਲੋਂ ਤਨਦੇਹੀ ਨਾਲ ਕੀਤਾ ਜਾਂਦਾ ਇਲਾਜ ਹੁੰਦਾ ਹੈ। ਬਿਨਾਂ ਸ਼ੱਕ ਬਹੁਤੇ ਲੋਕ ਡਾਕਟਰ ਨੂੰ 'ਦੂਜਾ ਰੱਬ' ਕਹਿੰਦੇ ਸੁਣੇ ਜਾ ਸਕਦੇ ਹਨ। ਲੋਕਾਂ ਦੇ ਮੁਤਾਬਕ ਇਕ ਚੰਗਾ ਡਾਕਟਰ ਉਹ ਹੁੰਦਾ ਹੈ, ਜਿਹੜਾ ਆਪਣੇ ਹਸਪਤਾਲ ਜਾਂ ਕਲੀਨਕ ਵਿੱਚ ਬੈਠਾ ਹੋਇਆ ਕੇਵਲ ਅਤੇ ਕੇਵਲ ਮਰੀਜ਼ਾਂ ਦੀ ਤੰਦਰੁਸਤੀ ਤੇ ਚੜ੍ਹਦੀ ਕਲਾ ਲੋਚੇ ਅਤੇ ਇਲਾਜ ਵੀ ਬਹੁਤ ਢੁੱਕਵੇਂ ਪੈਸੇ ਜਾਂ ਫੀਸ ਲੈ ਕੇ ਕਰੇ। ਇਸ ਤਰ੍ਹਾਂ ਦਾ ਡਾਕਟਰ 'ਸਵਾਸਾਂ ਦੀ ਆਸ' ਹੁੰਦਾ ਹੈ।

ਚੰਗੇ ਡਾਕਟਰਾਂ ਦੀਆਂ ਮਿਸਾਲਾਂ ਵਿੱਚੋਂ ਉਤਮ ਮਿਸਾਲ ਸਨ ਭਾਰਤ ਰਤਨ ਡਾ. ਬੀ ਸੀ ਰਾਏ, ਜੋ ਪੱਛਮੀ ਬੰਗਾਲ ਦੇ ਦੂਜੇ ਮੁੱਖ ਮੰਤਰੀ ਵੀ ਰਹੇ ਅਤੇ ਆਪਣੇ ਡਾਕਟਰੀ ਕਾਲ ਵਿੱਚ ਲੋਕ ਮਨਾਂ 'ਤੇ ਬਹੁਤ ਚੰਗੇ ਡਾਕਟਰ ਵਜੋਂ ਰਾਜ ਕਰਦੇ ਰਹੇ। ਉਨ੍ਹਾਂ ਨੂੰ ਅੱਜ ਵੀ ਲੋਕ ਚੰਗਾ ਡਾਕਟਰ ਤੇ ਰਾਜਨੇਤਾ ਮੰਨ ਕੇ ਉਨ੍ਹਾਂ ਦੀ ਜ਼ਿੰਦਗੀ ਤੋਂ ਅਗਵਾਈ ਲੈਂਦੇ ਹਨ। ਇਸੇ ਲਈ ਤਾਂ ਭਾਰਤ ਵਿੱਚ ਉਨ੍ਹਾਂ ਦੇ ਜਨਮ ਅਤੇ ਮੌਤ ਦੇ ਦਿਨ ਭਾਵ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਪਹਿਲੀ ਜੁਲਾਈ ਨੂੰ ਪੂਰੇ ਦੇਸ਼ ਵਿੱਚ 'ਡਾਕਟਰ ਦਿਵਸ' ਮਨਾਇਆ ਜਾਂਦਾ ਹੈ। ਡਾਕਟਰ ਸਰਕਾਰੀ ਹੋਵੇ ਜਾਂ ਪ੍ਰਾਈਵੇਟ, ਪਰ ਲੋਕਾਂ ਦੀਆਂ ਆਸਾਂ 'ਤੇ ਖਰਾ ਉਤਰਨ ਵਾਲਾ ਹੋਵੇ। ਜੇ ਸਰਕਾਰੀ ਡਾਕਟਰ ਆਪਣੀ ਡਿਊਟੀ ਇਮਾਨਦਾਰੀ ਨਾਲ ਕਰਨ ਵਾਲਾ ਹੋਵੇ ਤਾਂ ਲੋਕ ਉਸ ਦੀ ਬਦਲੀ ਹੋ ਜਾਣ ਉੱਤੇ ਵੀ ਉਸ ਨੂੰ ਵਾਪਸ ਲੈ ਆਉਂਦੇ ਹਨ। ਇਹ ਡਾਕਟਰ 'ਤੇ ਨਿਰਭਰ ਕਰਦਾ ਹੈ ਕਿ ਉਸ ਨੇ ਲੋਕਾਂ ਦਾ ਚਹੇਤਾ ਬਣ ਕੇ ਰਹਿਣਾ ਹੈ ਜਾਂ ਨਹੀਂ।

ਬਿਨਾਂ ਸ਼ੱਕ ਹਰ 'ਪੈਥੀ' ਵਿੱਚ ਚੰਗੇ ਡਾਕਟਰ ਕੰਮ ਕਰ ਰਹੇ ਹਨ, ਪਰ ਕਈ ਆਪਣੇ ਅਹੁਦੇ ਦੀ ਇੰਨੀ ਦੁਰਵਰਤੋਂ ਕਰਦੇ ਹਨ ਕਿ ਹਸਪਤਾਲ ਦਵਾਈ ਲੈਣ ਗਏ ਲੋਕਾਂ ਨਾਲ ਸਿੱਧੇ ਮੂੰਹ ਗੱਲ ਕਰਨਾ ਵੀ ਠੀਕ ਨਹੀਂ ਸਮਝਦੇ। ਮਰੀਜ਼ ਰਾਜ਼ੀ ਹੋਣ ਲਈ ਡਾਕਟਰ ਕੋਲ ਜਾਂਦਾ ਹੈ, ਪਰ ਜੇ ਡਾਕਟਰ ਦੁਰਕਾਰੇਗਾ ਤਾਂ ਉਹ ਡਾਕਟਰੀ ਪੇਸ਼ੇ 'ਚ ਵਿਸ਼ਵਾਸ ਨਹੀਂ ਕਰੇਗਾ। ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲਾਂ ਦੇ ਕੁਝ ਚੰਗੇ ਡਾਕਟਰਾਂ ਨੂੰ ਛੱਡ ਕੇ ਬਹੁਤਿਆਂ ਬਾਰੇ ਰੌਲਾ ਅਕਸਰ ਅਖਬਾਰਾਂ ਵਿੱਚ ਪੜ੍ਹਨ ਨੂੰ ਮਿਲ ਜਾਂਦਾ ਹੈ। ਚੰਗਾ ਇਲਾਜ ਨਾ ਹੋਣ ਦੀ ਸੂਰਤ ਵਿੱਚ



ਮਰੀਜ਼ ਦੀ ਮੌਤ ਹੋ ਜਾਣ 'ਤੇ ਲੋਕਾਂ ਵੱਲੋਂ ਲਾਸ਼ ਰੱਖ ਕੇ ਕੀਤੇ ਜਾਂਦੇ ਧਰਨੇ ਮੁਜ਼ਾਹਰੇ ਅਕਸਰ ਪੜ੍ਹਨ ਸੁਣਨ ਨੂੰ ਮਿਲ ਜਾਂਦੇ ਹਨ।

ਇਕ ਕਹਾਵਤ 'ਨੀਮ ਹਾਕਮ ਖਤਰਾ-ਏ-ਜਾਨ' ਉਤੇ ਅਮਲ ਕਰਦੇ ਹੋਏ ਕਦੇ ਅਨਟਰੇਂਡ ਡਾਕਟਰ ਕੋਲੋਂ ਇਲਾਜ ਨਹੀਂ ਕਰਵਾਉਣਾ ਚਾਹੀਦਾ। ਕੁਝ ਡਾਕਟਰ ਗਲਤ ਕਾਰਿਆਂ ਨਾਲ ਆਪਣੇ ਪੇਸ਼ੇ ਨੂੰ ਬਦਨਾਮ ਕਰਦੇ ਹਨ, ਜਿਵੇਂ ਮਰੀਜ਼ਾਂ ਦੇ ਬੇਲੋੜੇ ਟੈਸਟ, ਬੇਲੋੜੇ ਸੀਜ਼ੇਰੀਅਨ ਆਪ੍ਰੇਸ਼ਨ, ਦਵਾਈਆਂ ਵਾਲੀਆਂ ਕੰਪਨੀਆਂ ਤੋਂ ਕਮਿਸ਼ਨ ਖਾਣਾ, ਗਰਭਵਤੀ ਔਰਤ ਦੀ ਕੁੱਖ ਵਿੱਚ ਪਲਦੇ ਭਰੂਣ ਦੀ ਜਾਂਚ ਕਰਕੇ ਭਰੂਣ ਹੱਤਿਆ ਕਰਨਾ ਜਾਂ ਮਰੀਜ਼ ਦੇ ਅੰਗ ਕੱਢ ਲੈਣਾ ਜਿਵੇਂ ਗੁਰਦੇ ਆਦਿ। ਵਧਾਈ ਦੀਆਂ ਪਾਤਰ ਹਨ ਪੰਜਾਬ ਤੇ ਹਰਿਆਣਾ ਸਿਹਤ ਵਿਭਾਗ ਦੀਆਂ ਟੀਮਾਂ, ਜਿਨ੍ਹਾਂ ਨੇ ਕੁਝ ਮਹੀਨੇ ਪਹਿਲਾਂ ਪੰਜਾਬ ਵਿੱਚ ਛਾਪੇ ਮਾਰ ਕੇ ਭਰੂਣ ਹੱਤਿਆ ਦੇ ਕੰਮ ਵਿੱਚ ਲੱਗੇ ਕੁਝ ਡਾਕਟਰਾਂ ਤੇ ਨਰਸਿੰਗ ਹੋਮਜ਼ ਦਾ ਪਰਦਾਫਾਸ਼ ਕੀਤਾ ਸੀ।

ਸੋਚਣ ਵਾਲੀ ਗੱਲ ਇਹ ਹੈ ਕਿ ਜਿਹੜੇ ਡਾਕਟਰ ਇਹ ਪਾਪ ਕਰਦੇ ਹਨ, ਉਨ੍ਹਾਂ ਨੂੰ ਕਦੇ ਵੀ ਆਪਣੀ ਖੁਦ ਦੀ 'ਧੀ' ਉਸ ਸਮੇਂ ਚੇਤੇ ਵਿੱਚ ਕਿਉਂ ਨਹੀਂ ਆਉਂਦੀ? ਰੱਬ ਕਰੇ ਕਿ ਉਨ੍ਹਾਂ ਨੂੰ ਆਪਣੀ ਧੀ ਵਰਗੀ ਨਿੱਕੀ ਜਿਹੀ ਜਿੰਦ ਦਾ ਕਤਲ ਕਰਦਿਆਂ ਕਦੇ ਸ਼ਰਮ ਆ ਜਾਵੇ। ਸ੍ਰੀ ਗੁਰੂ ਨਾਨਕ ਦੇਵ ਜੀ ਇਸਤਰੀ ਦੇ ਹੱਕ ਵਿੱਚ ਆਵਾਜ਼ ਉਠਾਉਂਦੇ ਹੋਏ ਕਹਿੰਦੇ ਹਨ 'ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ'। ਰਹਿਤਨਾਮਿਆਂ ਵਿੱਚ ਵੀ ਕੁੜੀਮਾਰ ਨਾਲ ਸਮਾਜ ਨੂੰ ਵਾਹ ਵਾਸਤਾ ਨਾ ਰੱਖਣ ਦੀ ਤਾਕੀਦ ਕੀਤੀ ਗਈ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਵੀ ਸਮਾਜ ਤੇ ਸਮੁੱਚੇ ਡਾਕਟਰ ਵਰਗ ਲਈ ਅੱਜ ਅਤੇ ਸਦਾ ਹੀ ਪ੍ਰੇਰਨਾ ਦੇ ਸਰੋਤ ਹਨ, ਜਿਨ੍ਹਾਂ ਨੇ ਆਪਣੇ ਸਮੇਂ ਦੌਰਾਨ ਦਵਾਖਾਨੇ ਤੇ ਕੋਹੜ ਅਹਾਤੇ ਖੋਲ੍ਹ ਕੇ ਲੋੜਵੰਦਾਂ ਦਾ ਮੁਫਤ ਇਲਾਜ ਕੀਤਾ ਸੀ ਤੇ ਨਾਲ ਆਪ ਦੁਖੀਆਂ ਨੂੰ ਪਾਵਨ ਬਾਣੀ ਦਾ ਪਾਠ ਕਰਨ ਵਾਸਤੇ ਵੀ ਤਾਕੀਦ ਕਰਦੇ ਸਨ। ਆਪ ਰੱਬੀ ਬਾਣੀ ਨੂੰ ਸਾਰੀ ਇਲਾਜ ਪ੍ਰਕਿਰਿਆ ਦੀ ਵਡਿਆਈ ਦਿੰਦੇ ਹੋਏ ਇਸ ਤਰ੍ਹਾਂ ਫੁਰਮਾਉਂਦੇ ਹਨ 'ਸਰਬ ਰੋਗ ਕਾ ਅਉਖਦੁ ਨਾਮ'। ਇਸ ਤੋਂ ਇਲਾਵਾ ਆਪ ਕੇਵਲ ਅਕਾਲ ਪੁਰਖ ਨੂੰ ਸਭ ਕੁਝ ਕਰਨ ਵਾਲਾ ਦਰਸਾਉਂਦੇ ਹੋਏ ਮਨੁੱਖ ਨੂੰ ਉਸ ਨਾਲ ਹੀ ਲਿਵ ਲਾਉਣ ਦੀ ਹਦਾਇਤ ਵੀ ਕੁਝ ਇਸ ਤਰ੍ਹਾਂ ਕਰ ਰਹੇ ਹਨ:

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ॥
ਲਿਵ ਲਾਵਹੁ ਤਿਸੁ ਰਾਮ ਸਨੇਹੀ॥

ਗੁਰੂ ਸਾਹਿਬਾਨ ਤੋਂ ਇਲਾਵਾ ਮਹਾਨ ਆਤਮਾ ਭਗਤ ਪੂਰਨ ਸਿੰਘ ਜੀ ਵੀ ਸਮਾਜ ਤੇ ਸਮੁੱਚੇ ਡਾਕਟਰ ਵਰਗ ਲਈ ਪ੍ਰੇਰਨਾ ਦੇ ਸੋਮੇ ਹਮੇਸ਼ਾ ਬਣੇ ਰਹਿਣਗੇ, ਜਿਨ੍ਹਾਂ ਨੇ ਇਕ ਅਪਾਹਜ ਅਤੇ ਲਾਵਾਰਸ ਪਿਆਰਾ ਸਿੰਘ ਨਾਂ ਦੇ ਵਿਅਕਤੀ ਨੂੰ ਸਹਾਰਾ ਦੇ ਕੇ ਮਿਸਾਲ ਕਾਇਮ ਕੀਤੀ ਸੀ। ਇਹ ਮਿਸਾਲਾਂ ਹਰੇਕ ਡਾਕਟਰ ਨੂੰ ਨਿਰਸਵਾਰਥ ਅਤੇ ਨਿਰਵੈਰ ਭਾਵਨਾ ਨਾਲ ਡਿਊਟੀ ਕਰਨ ਹਿੱਤ ਪ੍ਰੇਰਨਾ ਦਿੰਦੀਆਂ ਵੇਖੀਆਂ ਜਾ ਸਕਦੀਆਂ ਹਨ। ਹਰ ਸਰਕਾਰੀ ਡਾਕਟਰ ਨੂੰ ਮਰੀਜ਼ ਆਪਣੇ ਘਰ ਜਾਂ ਨਿੱਜੀ ਹਸਪਤਾਲ ਵਿੱਚ ਵੇਖਣ ਦੀ ਕੋਈ ਪਾਬੰਦੀ ਨਹੀਂ ਜੇ ਉਹ ਸਰਕਾਰੀ ਹਸਪਤਾਲ ਵਿੱਚ ਡਿਊਟੀ ਦੌਰਾਨ ਉਥੇ ਆਏ ਮਰੀਜ਼ਾਂ ਦਾ ਵੀ ਓਨੇ ਹੀ ਧਿਆਨ ਨਾਲ ਚੈਕਅੱਪ ਕਰੇ ਤੇ ਚੰਗੀ ਦਵਾਈ ਦੇਵੇ। ਇਸ ਤਰ੍ਹਾਂ ਦਾ ਬਰਾਬਰਤਾ ਵਾਲਾ ਸਿਧਾਂਤ ਇਕ ਦਿਨ ਉਸ ਨੂੰ ਆਦਰਸ਼ ਡਾਕਟਰ ਬਣਾ ਸਕਦਾ ਹੈ। ਪ੍ਰਸ਼ਾਸਨ ਅਤੇ ਸਰਕਾਰਾਂ ਨੂੰ ਬੇਨਤੀ ਹੈ ਕਿ ਉਹ ਹਸਪਤਾਲਾਂ ਦੀ ਚੈਕਿੰਗ ਦੇ ਨਾਲ ਸਰਕਾਰੀ ਹਸਪਤਾਲਾਂ ਨੂੰ ਸਹੂਲਤਾਂ ਨਾਲ ਲੈਸ ਰੱਖਣ ਵਿੱਚ ਯੋਗਦਾਨ ਹਮੇਸ਼ਾ ਪਾਉਣ। ਸਸਤਾ ਤੇ ਚੰਗਾ ਇਲਾਜ ਲੋਕਾਂ ਨੂੰ ਬਿਨਾਂ ਬਿਨਾਂ ਸ਼ਰਤ ਦੇ ਹਾਸਲ ਮਿਲੇ ਤਾਂ ਕਿ ਲੋਕ ਡਾਕਟਰ ਨੂੰ ਦਿਲੋਂ 'ਸਵਾਸਾਂ ਦੀ ਆਸ' ਮੰਨਣ।

# ਵਾਰਿਸ ਸ਼ਾਹ ਦੀ 'ਹੀਰ' ਦਾ ਤਲਿੱਸਮ

-ਈਸ਼ਵਰ ਦਿਆਲ ਗੌੜ

ਇਹ ਪੋਥੀ 'ਹੀਰ ਵਾਰਿਸ' ਦਾ ਤਲਿੱਸਮ ਹੀ ਹੈ ਕਿ ਦੁਨੀਆ ਦੇ ਹਰ ਹਿੱਸੇ ਵਿੱਚ ਵਸਦੇ ਪੰਜਾਬੀ ਇਕ ਦੂਜੇ ਨਾਲ ਨਾੜੂਏ ਵਾਂਗ ਜੁੜੇ ਹੋਏ ਹਨ। ਦੱਸਦੇ ਹਨ ਕਿ ਜਦੋਂ ਵਾਰਿਸ ਸ਼ਾਹ ਨੇ ਮਲਕਾ ਹਾਂਸ ਦੀ ਮਸੀਤ ਦੇ ਹੁਜਰੇ 'ਚ ਬੈਠ ਕੇ ਇਸ ਪੋਥੀ ਨੂੰ ਸੰਪੂਰਨ ਕੀਤਾ, ਉਹ ਆਪਣੇ ਪਿੰਡ ਜੰਡਿਆਲਾ ਸ਼ੇਰ ਖਾਂ ਪਰਤਿਆ। ਵਾਰਿਸ ਸ਼ਾਹ ਦੇ ਉਸਤਾਦ ਮੌਲਵੀ ਹਾਫਿਜ਼ ਗੁਲਾਮ ਮੁਰਤਜ਼ਾ ਨੂੰ ਹੌਲੀ-ਹੌਲੀ 'ਹੀਰ' ਦੀ ਖਬਰ ਨਸ਼ਰ ਹੋਈ। ਪਹਿਲਾਂ ਨਾਰਾਜ਼ ਤੇ ਨਿਰਾਸ਼ ਹੋਏ ਕਿ ਵਾਰਿਸ਼ ਸ਼ਾਹ ਕੇਹੋ ਜਿਹੇ ਕੰਮ ਵਿੱਚ ਗਲਤਾਨ ਹੋ ਗਿਆ ਹੈ, ਪਰ ਜਦੋਂ ਨਾਰਾਜ਼ਗੀ ਤੇ ਨਿਰਾਸ਼ਾ ਨੂੰ ਠੱਲ੍ਹ ਪਈ, ਤਦ ਵਾਰਿਸ ਸ਼ਾਹ ਨੂੰ 'ਹੀਰ' ਸੁਣਾਉਣ ਲਈ ਆਖਿਆ। ਜਦੋਂ ਵਾਰਿਸ ਸ਼ਾਹ ਨੇ ਹੀਰ ਪੜ੍ਹਨੀ ਸ਼ੁਰੂ ਕੀਤੀ, ਮੌਲਵੀ ਸਾਹਿਬ ਦੀ ਹਾਲਤ ਹੋਰ ਹੁੰਦੀ ਗਈ। 'ਹੀਰ' ਦਾ ਪਾਠ ਖਤਮ ਹੋਣ ਤੱਕ ਕਈ ਲੋਟੇ ਪਾਣੀ ਦੇ ਸਿਰ 'ਤੇ ਪਾਉਣੇ ਪਏ ਤਾਂ ਕਿ 'ਹੀਰ' ਸੁਣਨ ਨਾਲ ਬਣੇ ਸਰੂਰ ਨੂੰ ਠੱਲ੍ਹ ਪੈ ਸਕੇ। ਏਹੋ ਜਿਹੀਆਂ ਸਾਖੀਆਂ ਵਾਰਿਸ ਸ਼ਾਹ ਦੀ ਕਿੱਸਾ ਕਥਾ ਤਰਾਸ਼ੀ ਤੇ ਤਲਿੱਸਮੀ ਹੁਨਰ ਦੀਆਂ ਲਖਾਇਕ ਹਨ।


ਤਲਿੱਸਮ ਤਾਂ ਹੀਰ ਰਾਂਝੇ 'ਚ ਲੋਹੜਿਆਂ ਦਾ ਹੈ। ਨਹੀਂ ਤਾਂ ਕਹਾਣੀ ਲੋਕ ਕਹਾਣੀ ਨਾ ਬਣਦੀ ਅਤੇ ਨਾ ਵਾਰਿਸ ਸ਼ਾਹ ਦੀ ਕਲਮ ਕਹਾਣੀ ਵੱਲ ਮੁੜਦੀ। ਹੀਰ ਰਾਂਝੇ ਦਾ ਜਾਦੂ ਉਨ੍ਹਾਂ ਦੇ ਇਕ ਦੂਜੇ ਦੇ ਧੁਰ ਤੀਕ ਉਤਰਿਆ ਹੋਇਆ ਹੈ। ਖਾਲਕ ਨੇ ਜਿਵੇਂ ਮਿੱਟੀ ਨੂੰ ਨੇਹੁੰ 'ਚ ਗੁੰਨ੍ਹ ਕੇ ਦੋਵਾਂ ਨੂੰ ਸਿਰਜਿਆ ਹੋਵੇ। ਹੀਰ ਦੇ ਹੁਸਨ ਦਾ ਕੀਲਿਆ ਵਾਰਿਸ ਸ਼ਾਹ ਉਸ ਨੂੰ ਬਿਆਨ ਕਰਨ ਦੇ ਅਸਮਰੱਥ ਹੈ, ਕਿਉਂਕਿ ਹੀਰ 'ਰੱਬ ਦੇ ਨੂਰ ਦੀ ਖਾਨ ਯਗਮਾ' (ਵੱਡੀ ਦਾਵਤ) ਹੈ। ਵਾਰਿਸ ਸ਼ਾਹ ਹੁਸਨ ਦੇ ਤਲਿੱਸਮ ਨੂੰ ਵਸ 'ਚ ਕਰਨ ਵਾਲੇ ਮੰਤਰਾਂ ਦਾ ਜ਼ਿਕਰ ਵੀ ਕਰਦਾ ਹੈ:

ਆਸ਼ਕ ਭੌਰ ਫਕੀਰ ਤੇ ਨਾਗ ਕਾਲੇ,
ਬਾਝ ਮੰਤਰੋਂ ਮੂਲ ਨਾ ਕੀਲੀਏ ਨੀ।
ਇਹ ਜੋਬਨਾ ਠੱਗ ਬਾਜ਼ਾਰ ਦਾ ਈ,
ਟੂਣੇ ਹਾਰੀਏ ਛੈਲ ਛਬੀਲੀਏ ਨੀ।

ਅਖੀਰ ਉਹ ਇਹ ਕਹਿ ਕੇ 'ਕੋਈ ਅੰਤ ਨਾ ਹੁਸਨ ਹਿਸਾਬ ਦਾ ਜੀ' ਆਪਣੀ ਕਾਵਿ ਕਲਪਨਾ 'ਤੇ ਵਿਰਾਮ ਚਿੰਨ੍ਹ ਲਾ ਦਿੰਦਾ ਹੈ ਅਤੇ ਰਾਂਝਾ ਹੀਰ ਦੇ ਤਲਿੱਲਮ ਦਾ ਕੀਲਿਆ ਮੁਸਾਫਰ ਬਣ ਬੈਠਦੈ। ਮੌਜੂ ਚੌਧਰੀ ਦਾ ਧੀਦੋ ਲਾਡਲਾ ਪਹਿਲਾਂ ਹੀਰ ਦੇ ਝੰਗ ਸਿਆਲੀ ਜਾ ਕੇ ਬਾਰ੍ਹਾਂ ਸਾਲ ਚਾਕਰੀ ਕਰਦੈ। ਚਾਕਰੀ ਵੀ ਸਿਰੇ ਦੀ ਕਰਦੈ:

ਤੁਸਾਂ ਜਹੇ ਮਾਸ਼ੂਕ ਜੇ ਥੀਣ ਰਾਜ਼ੀ
ਮੰਗੂ ਨੈਣਾਂ ਦੀ ਧਾਰ ਵਿੱਚ ਚਾਰੀਏ ਨੀ।

ਫੇਰ ਬਾਲ ਨਾਥ ਦੇ ਟਿੱਲੇ 'ਤੇ ਜਾਂਦੈ, ਕੰਨ ਪੜਵਾ ਕੇ ਜੋਗੀ ਹੁੰਦੈ। ਹੀਰ ਦੇ ਸਹੁਰੇ ਰੰਗਪੁਰ ਖੇੜਿਆਂ ਦੇ ਵਿਹੜਿਆਂ 'ਚ ਭਿਛਿਆ ਦੇ ਬਹਾਨੇ ਹੀਰ ਦੇ ਦੀਦਾਰ ਕਰਨ ਲਈ ਫਿਰਦੈ। ਰਾਂਝੇ ਦਾ ਤਲਿੱਸਮ ਵੀ ਘੱਟ ਬਲਵਾਨ ਨਹੀਂ:



ਯਾਰੋ ਝੂਠ ਨਾ ਕਰ ਖੁਦਾਇ ਸੱਚਾ
ਰੰਨਾਂ ਮੇਰੀਆਂ ਇਹ ਖਿਸਕਾਂਵਦਾ ਹੈ
ਇਕਸ ਸੱਦ ਦੇ ਨਾਲ ਇਹ ਜਿੰਦ ਲੈਂਦਾ
ਪੰਖੀ ਡੇਗਦਾ ਮਿਰਗ ਫਹਾਂਵਦਾ ਹੈ
ਠੱਗ ਸੁਣੇ ਬਨੇਸਰੋਂ ਆਂਵਦੇ ਨੇ
ਇਹ ਜ਼ਾਹਰਾ ਠੱਗ ਝਨਾਂਵ ਦਾ ਹੈ
ਵਾਰਿਸ ਸ਼ਾਹ ਮੀਆਂ ਵਲੀ ਜ਼ਾਹਰਾ ਹੈ
ਵੇਖ ਹੁਣੇ ਝਬੇਲ ਕੁਟਾਂਵਦਾ ਹੈ।

ਰਾਂਝਾ ਖੱਪਰੀ ਪਕੜ ਕੇ ਗਜੇ ਚੜ੍ਹਿਆ
ਘਰੋਂ-ਘਰੀਂ ਮੁਬਰਕਾਂ ਲਿਆਂਵਦਾ ਈ

ਰਾਂਝੇ ਦੇ ਤਲਿੱਸਮ ਦੇ ਪਹਿਲੇ ਹੱਲੇ 'ਚ ਹੀ ਹੀਰ ਆਪਣਾ ਸਭ ਕੁਝ ਲੁਟਾ ਬੈਠਦੀ ਹੈ। ਵਾਰਿਸ ਸ਼ਾਹ ਕੋਲ ਪਥਰਾਈ ਹੋਈ ਹੀਰ ਦੀ ਹਾਲਤ ਨੂੰ ਬਿਆਨ ਕਰਨ ਲਈ ਕੁਰਆਨ ਤੋਂ ਇਲਾਵਾ ਕੋਈ ਹੋਰ ਰਾਹ ਨਹੀਂ:

ਸੂਰਤ ਯੂਸਫ ਦੀ ਉਤੇ ਤੈਮੂਰ ਬੇਟੀ
ਸਣੇ ਮਾਲਕੇ ਬਹੁਤ ਹੈਰਾਨੀ ਹੋਈ
ਹੱਥ ਬੱਧਿਆਂ ਰਹਾਂ ਗੁਲਾਮ ਤੇਰੀ
ਸਣੇ ਤ੍ਰਿੰਝਣਾਂ ਨਾਲ ਸਹੇਲੀਆਂ ਦੇ
ਸਾਨੂੰ ਰੱਬ ਨੇ ਚਾਕ ਮਿਲਾਇ ਦਿੱਤਾ
ਭੁੱਲ ਗਏ ਪਿਆਰ ਸਹੇਲੀਆਂ ਦੇ

ਹੀਰ ਦੀ ਕੈਫੀਅਤ ਇਹ ਹੈ ਕਿ ਉਹ ਆਪਣਾ ਵਜੂਦ ਹੀ ਰਾਂਝੇ ਦੇ ਹਵਾਲੇ ਕਰ ਦਿੰਦੀ ਹੈ। ਆਪਣੇ ਆਪ ਨੂੰ ਫਨਾਹ ਕਰ ਲੈਂਦੀ ਹੈ। ਇਸ ਵਰਤਾਰੇ ਨੂੰ ਇਸ਼ਕ ਹਕੀਕੀ ਦੀ ਅਵਸਥਾ ਆਖਦੇ ਨੇ। ਸਿਆਲਾਂ ਦੀ ਮਾਣਮੱਤੀ ਹੀਰ ਸਲੇਟੀ ਲੋਕਾਂ ਨੂੰ ਦੱਸਦੀ ਫਿਰਦੀ ਹੈ ਕਿ ਉਸ ਨੂੰ ਹੀਰ ਨਹੀਂ, ਸਗੋਂ 'ਧੀਦੋ ਰਾਂਝਾ' ਆਖੋ, 'ਆਖੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ।' ਤਲਿੱਸਮ ਜਿਸਮਾਨੀ ਸੁਹੱਪਣ ਵਿੱਚੋਂ ਪੈਦਾ ਨਹੀਂ ਹੁੰਦਾ। ਇਸ ਦਾ ਸਰਚਸ਼ਮਾ ਇਮਾਨ 'ਚ ਗਲੇਫਿਆ ਇਸ਼ਕ ਹੈ। ਅਜਿਹੇ ਇਸ਼ਕ ਦੀ ਕੁੱਠੀ ਹੀਰ ਆਪਣੇ ਕੰਨ ਪੜਵਾ ਕੇ, ਕੰਨੀ ਮੁੰਦਰਾਂ ਪਾ ਕੇ, ਮੱਥੇ ਤਿਲਕ ਲਾ ਕੇ ਰਾਂਝੇ ਜੋਗੀ ਦੇ ਨਾਲ ਰੁਖਸਤ ਹੋਣ ਲਈ ਚੁਲਚਲਾਉਂਦੀ ਹੈ। ਉਸ ਨੂੰ ਰਾਂਝੇ ਦੇ ਗੈਬੀ ਵਜੂਦ ਦਾ ਗਿਆਨ ਹੈ। ਸੂਫੀਆਂ ਦੀਆਂ ਕਾਫੀਆਂ, ਜਿਨ੍ਹਾਂ ਵਿੱਚ ਹੀਰ ਰਾਂਝੇ ਦਾ ਜ਼ਿਕਰ ਹੈ, ਵਿੱਚ ਤਲਿਸਮ ਦਿੰਦੀਆਂ ਹਨ ਕਿ ਹੀਰ ਲਈ ਰਾਂਝਾ ਤਖ਼ਤ ਹਜ਼ਾਰੇ ਦਾ 'ਮਾਲਕ' ਹੈ ਅਤੇ ਉਹ ਮੱਕੇ ਦੀ ਥਾਂ ਤਖ਼ਤ ਹਜ਼ਾਰੇ ਦਾ ਹੱਜ ਕਰਨਾ ਲੋਚਦੀ ਹੈ। ਹੀਰ ਨੂੰ ਰਾਂਝੇ ਦੇ ਹੱਥ 'ਚ ਇਲ-ਇਲਿੱਲ੍ਹਾ ਦੀ ਤਸਬੀ ਨਜ਼ਰ ਆਉਂਦੀ ਹੈ। ਵੰਝਲੀ ਨੇ ਤਸਬੀ ਦਾ ਰੂਪ ਵਟਾਇਆ ਹੈ। ਰਾਂਝੇ ਜੋਗੀ ਦਾ ਪਰਛਾਵਾਂ ਹੀਰ ਨੂੰ ਦੋ ਅਰਸ਼ਾਂ 'ਤੇ ਪੈ ਰਿਹਾ ਨਜ਼ਰ ਆਉਂਦਾ ਤੇ ਉਸ ਲਈ ਰਾਂਝੇ ਦੀਆਂ ਜੁੱਤੀਆਂ ਪਾਕ ਹਨ, ਕਿਉਂਕਿ ਉਹ ਅਰਸ਼ ਨੇ ਚੁੰਮੀਆਂ ਹਨ। ਅਰਸ਼ ਚੁੰਮੀਆਂ ਜੁੱਤੀਆਂ ਹੀ ਪਾਕ ਕਦਮ ਕਹਾਉਂਦੀਆਂ ਹਨ। ਰਾਂਝੇ ਜੋਗੀ ਦੇ ਕਰਿਸ਼ਮੇ 'ਚ ਕੀਲੀ ਹੀਰ ਰਾਂਝੇ ਦਾ ਪੈਗ਼ੰਬਰੀ ਅਕਸ ਤਸੱਵੁਰ ਕਰਦੀ ਉਸ ਨੂੰ 'ਕੰਬਲੀ ਵਾਲਾ' (ਪੈਗੰਬਰ ਮੁਹੰਮਦ) ਆਖਦੀ ਹੈ। ਇਸੇ ਨੂੰ ਰੂਹਾਨੀ ਜਾਂ ਤਸੱਵੁਫੀ ਵਸਲ ਆਖਦੇ ਹਨ।

ਸਮਝਣ ਵਾਲੀ ਬਾਤ ਇਹ ਹੈ ਕਿ ਇਮਾਨ ਵਿੱਚ ਗਲੇਫਿਆ ਇਸ਼ਕ ਜਾਂ ਇਸ਼ਕ 'ਚ ਗਲੇਫਿਆ ਇਮਾਨ ਤਾਮਾਮ ਫਰਕਾਂ ਨੂੰ ਮਿਟਾ ਦਿੰਦਾ ਹੈ। ਇਸੇ ਨੂੰ ਇਮਾਨ ਅਤੇ ਇਸ਼ਕ ਦਾ ਤਲਿੱਸਮ ਆਖਦੇ ਹਨ। ਇਮਾਨ ਤੇ ਇਸ਼ਕ ਦੇ ਤਲਿੱਸਮ ਨਾਲ ਜੋ ਅਸੀਸੇ ਹੁੰਦੇ ਹਨ, ਉਨ੍ਹਾਂ ਦੀ ਇਸ ਦੁਨੀਆ ਤੋਂ ਰੁਖਸਤੀ ਬਾਰੇ ਵੀ ਤਰ੍ਹਾਂ-ਤਰ੍ਹਾਂ ਦੀਆਂ ਸਾਖੀਆਂ ਲੋਕ ਪਿੜਾਂ 'ਚ ਸੁਣਨ ਨੂੰ ਮਿਲਦੀਆਂ ਹਨ। ਕੋਈ ਆਖਦੈ ਕਿ ਹੀਰ ਰਾਂਝਾ ਮੱਕੇ ਵੱਲ ਚਲੇ ਗਏ, ਕੋਈ ਆਖਦੈ ਕਿ ਮੱਕੇ ਦੇ ਰਾਹ 'ਚ ਹੀਰ ਰਾਂਝੇ ਦਾ ਕਿਆਮ ਹੈ, ਜਿਥੇ ਹੀਰ ਹਾਜੀਆਂ ਨੂੰ ਚੂਰੀ ਵੰਡਦੀ ਤੇ ਰਾਂਝਾ ਬੂਰੀ ਮੱਝ ਦਾ ਦੁੱਧ ਵਰਤਾਉਂਦੈ। ਕਿਸੇ ਦਾ ਖਿਆਲ ਹੈ ਕਿ ਫਰਿਸ਼ਤੇ ਹੀਰ ਰਾਂਝੇ ਨੂੰ ਉਡਣ ਖਟੋਲਿਆਂ 'ਚ ਬਿਠਾ ਕੇ ਮੱਕੇ ਉਤਾਰ ਆਏ। ਵਾਰਿਸ ਸ਼ਾਹ ਦਾ ਖਿਆਲ ਵੱਖਰਾ ਹੈ।

## ਪੰਜਾਬ ਦੀਆਂ ਜੇਲ੍ਹਾਂ ਵਿੱਚ ਰਸੂਖਦਾਰ ਕੈਦੀਆਂ ਦੇ ਲਈ ਪ੍ਰਾਈਵੇਟ ਰਸੋਈਆਂ ਬੰਦ ਹੋਣਗੀਆਂ

ਚੰਡੀਗੜ੍ਹ, 8 ਜੁਲਾਈ (ਪੋਸਟ ਬਿਊਰੋ)- ਪਿਛਲੇ ਕੁਝ ਸਮੇਂ ਵਿੱਚ ਜੇਲ੍ਹਾਂ ਅੰਦਰ ਵਾਪਰੀਆਂ ਮਾੜੀਆਂ ਘਟਨਾਵਾਂ ਕਾਰਨ ਪੰਜਾਬ ਦੀਆਂ ਜੇਲ੍ਹਾਂ ਦੇ ਸੁਧਾਰ ਲਈ ਸਰਕਾਰ ਸਖ਼ਤ ਕਦਮ ਚੁੱਕਣੇ ਸ਼ੁਰੂ ਕਰ ਰਹੀ ਹੈ। ਅੱਗੇ ਤੋਂ ਜੇਲ੍ਹਾਂ ਵਿੱਚ ਰਸੂਖ ਵਾਲੇ ਕੈਦੀਆਂ ਜਾਂ ਗੈਂਗਸਟਰਾਂ ਦੀਆਂ ਨਿੱਜੀ ਰਸੋਈਆਂ ਨੂੰ ਬੰਦ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਅਸਲ ਵਿੱਚ ਇਹ ਰਿਪੋਰਟਾਂ ਮਿਲ ਰਹੀਆਂ ਸਨ ਕਿ ਜੇਲ੍ਹ 'ਚ ਕੁਝ ਵਿਸ਼ੇਸ਼ ਕੈਦੀਆਂ ਨੂੰ ਉਨ੍ਹਾਂ ਦੇ ਸੇਵਾਦਾਰ ਭੋਜਨ ਬਣਾ ਕੇ ਦੇਂਦੇ ਹਨ ਅਤੇ ਕਈ ਬਾਹਰੋਂ ਪਿੱਜ਼ਾ ਅਤੇ ਬਰਥਡੇਅ ਕੇਕ ਵੀ ਮੰਗਵਾਉਂਦੇ ਹਨ, ਜਿਸ ਪਿੱਛੋਂ ਸਰਕਾਰ ਨੇ ਹੁਕਮ ਜਾਰੀ ਕੀਤੇ ਹਨ ਕਿ ਇਹ ਪ੍ਰਾਈਵੇਟ ਰਸੋਈਆਂ ਬੰਦ ਕੀਤੀਆਂ ਜਾਣ। ਪੰਜਾਬ ਦੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਹਰ ਨਵੇਂ ਦਿਨ ਜੇਲ੍ਹਾਂ ਦੇ ਸੁਧਾਰ ਲਈ ਪੂਰੀ ਗੰਭੀਰਤਾ ਨਾਲ ਸ਼ਿਕੰਜਾ ਕੱਸਦੇ ਜਾਂਦੇ ਹਨ। ਇਸ ਬਾਰੇ ਰੰਧਾਵਾ ਨੇ ਕਿਹਾ ਕਿ ਜੇਲ੍ਹਾਂ ਵਿੱਚ ਵਾਪਰੀਆਂ ਘਟਨਾਵਾਂ ਦੀ ਪੂਰੀ ਜਾਂਚ ਲਈ ਸਾਰੀਆਂ ਪੁਰਾਣੀਆਂ ਫਾਈਲਾਂ ਅਤੇ ਭੁੱਲ ਚੁੱਕੀਆਂ ਜਾਂਚ ਰਿਪੋਰਟਾਂ ਨੂੰ ਦੋਬਾਰਾ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ



ਅਕਾਲੀ-ਭਾਜਪਾ ਸਰਕਾਰ ਸਮੇਂ ਹਿੰਸਾ 'ਤੇ ਕਾਬੂ ਪਾਉਣ ਲਈ 12 ਘੰਟੇ ਤੋਂ ਵੱਧ ਦਾ ਸਮਾਂ ਲੱਗਾ ਸੀ, ਅਸੀਂ ਲੁਧਿਆਣਾ 'ਚ ਇੱਕ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਹਿੰਸਾ ਉੱਤੇ ਕਾਬੂ ਪਾ ਲਿਆ ਸੀ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਜੇਲ੍ਹ ਅਧਿਕਾਰੀਆਂ ਜਾਂ ਪੰਜਾਬ ਦੇ ਮੰਤਰੀਆਂ ਨਾਲ ਕੋਈ ਬੈਠਕਾਂ ਨਹੀਂ ਕੀਤੀਆਂ। ਉਨ੍ਹਾਂ ਕਿਹਾ ਕਿ ਜੇਲ੍ਹਾਂ ਮਾੜੇ ਅਨਸਰਾਂ ਨਾਲ ਭਰੀਆਂ ਰਹਿਣ ਕਾਰਨ ਛੋਟੀ ਜਿਹੀ ਚੰਗਿਆੜੀ ਵੀ ਵੱਡੀ ਸਮੱਸਿਆ ਪੈਦਾ ਕਰ ਦਿੰਦੀ ਹੈ। ਮੰਤਰੀ ਨੇ ਕਿਹਾ ਕਿ ਵਿਚਾਰ ਅਧੀਨ ਕੈਦੀਆਂ ਦੇ ਅਦਾਲਤਾਂ ਜਾਂ ਰਾਹਾਂ ਤੋਂ ਭੱਜਣ ਦੀਆਂ ਘਟਨਾਵਾਂ ਵਧਣ ਕਾਰਨ ਕੁਝ ਜੇਲ੍ਹਾਂ ਛੇਤੀ ਹੀ ਟਰਾਇਲ ਕੋਰਟ ਦਾ ਕੰਮ ਕਰਨਾ ਸ਼ੁਰੂ ਕਰ ਦੇਣਗੀਆਂ। ਉਨ੍ਹਾਂ ਨੇ ਕਿਹਾ ਕਿ ਜੇਲ੍ਹਾਂ ਦੇ ਸੁਧਾਰ ਲਈ ਲੋੜੀਂਦੇ ਕਦਮ ਸਰਕਾਰ ਚੁੱਕੇਗੀ, ਪਰ ਅਪਰਾਧੀਆਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ।

## ਲਾਵਾਰਸ ਲਾਸ਼ਾਂ ਸਾੜਨ ਦੇ ਖਿਲਾਫ ਸੁਪਰੀਮ ਕੋਰਟ ਵਿੱਚ ਪਟੀਸ਼ਨ

ਅੰਮ੍ਰਿਤਸਰ, 8 ਜੁਲਾਈ (ਪੋਸਟ ਬਿਊਰੋ)- ਪੰਜਾਬ ਵਿੱਚ ਖਾੜਕੂਵਾਦ ਦੇ ਦੌਰਾਨ (ਸੰਨ 1980 ਤੋਂ1994 ਤੱਕ) ਵੱਡੀ ਗਿਣਤੀ ਵਿੱਚ ਸਿੱਖ ਨੌਜਵਾਨਾਂ ਦੇ ਝੂਠੇ ਪੁਲਸ ਮੁਕਾਬਲੇ ਬਣਾਉਣ ਤੇ ਲਾਸ਼ਾਂ ਨੂੰ ਲਾਵਾਰਸ ਕਰਾਰ ਦੇ ਕੇ ਵੱਖ ਵੱਖ ਸ਼ਹਿਰਾਂ ਦੇ ਸ਼ਮਸ਼ਾਨਘਾਟਾਂ ਵਿੱਚ ਸਸਕਾਰ ਕੀਤੇ ਜਾਣ ਦੇ ਕੇਸ ਵਿੱਚ ਪਹਿਲੀ ਵਾਰ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਗਈ ਹੈ। ਇਸ ਦੀ ਸੁਣਵਾਈ ਇਸੇ ਮਹੀਨੇ ਹੋਣ ਦੀ ਆਸ ਹੈ।

ਇਸ ਬਾਰੇ ਪੰਜਾਬ ਡਾਕੂਮੈਂਟਰੀ ਐਂਡ ਐਡਵੋਕੇਸੀ ਪ੍ਰੋਜੈਕਟ (ਪੀ ਡੀ ਏ ਪੀ) ਦੇ ਐਡਵੋਕੇਟ ਸਤਨਾਮ ਸਿੰਘ ਨੇ ਦੱਸਿਆ ਕਿ ਸੁਪਰੀਮ ਕੋਰਟ ਵਿੱਚ ਇਹ ਪਟੀਸ਼ਨ ਪੀ ਡੀ ਏ ਪੀ ਅਤੇ ਪ੍ਰਭਾਵਤ ਪਰਵਾਰਾਂ ਨੇ ਸਾਂਝੇ ਤੌਰ ਉਤੇ ਦਾਇਰ ਕੀਤੀ ਹੈ। ਉਹ ਕੱਲ੍ਹ ਇਥੇ ਪੀ ਡੀ ਏ ਪੀ ਵੱਲੋਂ ਅਜਿਹੇ ਲਾਪਤਾ ਲੋਕਾਂ ਬਾਰੇ ਬਣਾਈ ਦਸਤਾਵੇਜ਼ੀ ਫਿਲਮ ਦੇ ਪ੍ਰਦਰਸ਼ਨ ਵਾਸਤੇ ਆਏ ਸਨ। ਇਹ ਦਸਤਾਵੇਜ਼ੀ ਫਿਲਮ ਇਥੇ ਆਰਟ ਗੈਲਰੀ ਵਿੱਚ ਦਿਖਾਈ ਗਈ ਤਾਂ ਇਸ ਮੌਕੇ ਵੱਡੀ ਗਿਣਤੀ ਪ੍ਰਭਾਵਤ ਪਰਵਾਰ ਵੀ ਪੁੱਜੇ ਹੋਏ ਸਨ। ਯੂ ਕੇ ਨਾਲ ਸੰਬੰਧਤ ਐਡਵੋਕੇਟ ਸਤਨਾਮ ਸਿੰਘ ਪਿਛਲੇ ਲਗਭਗ ਸੱਤ ਸਾਲਾਂ ਤੋਂ ਇਸ ਪ੍ਰੋਜੈਕਟ ਉਤੇ ਕੰਮ ਕਰ ਰਹੇ ਹਨ।



ਫਿਲਮ ਦੇ ਪ੍ਰਦਰਸ਼ਨ ਤੋਂ ਪਹਿਲਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਸਤਨਾਮ ਸਿੰਘ ਨੇ ਦੱਸਿਆ ਕਿ ਲਾਪਤਾ ਲੋਕਾਂ ਦੇ ਮਾਮਲਿਆਂ ਨੂੰ ਉਭਾਰਨ ਲਈ ਪਹਿਲਾਂ ਜਸਵੰਤ ਸਿੰਘ ਖਾਲੜਾ ਨੇ ਕੰਮ ਕੀਤਾ ਸੀ। ਉਨ੍ਹਾਂ ਅੰਮ੍ਰਿਤਸਰ, ਮਜੀਠਾ ਅਤੇ ਤਰਨ ਤਾਰਨ ਦੇ ਸ਼ਮਸ਼ਾਨਘਾਟਾਂ ਵਿੱਚ ਸੈਂਕੜੇ ਲਾਵਾਰਸ ਲਾਸ਼ਾਂ ਸਾੜਨ ਦਾ ਭੇਦ ਖੋਲ੍ਹਦੇ ਹੋਏ ਸਰਕਾਰ ਤੋਂ ਜਵਾਬ ਮੰਗਿਆ ਸੀ। ਉਨ੍ਹਾਂ ਕਿਹਾ ਕਿ ਜਸਵੰਤ ਸਿੰਘ ਖਾਲੜਾ ਦੀ ਮੌਤ ਮਗਰੋਂ ਉਸ ਮਾਮਲੇ ਨੂੰ ਪੀ ਡੀ ਏ ਪੀ ਵੱਲੋਂ ਉਭਾਰਿਆ ਗਿਆ ਹੈ ਅਤੇ ਇਸ ਪਟੀਸ਼ਨ ਰਾਹੀਂ ਇਨ੍ਹਾਂ ਕੇਸਾਂ ਵਿੱਚ ਟਰੁੱਥ ਕਮਿਸ਼ਨ ਕਾਇਮ ਕਰਨ, ਪੀੜਤਾਂ ਨੂੰ ਨਿਆਂ ਦੇਣ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ ਹੈ। ਸਤਨਾਮ ਸਿੰਘ ਨੇ ਦੱਸਿਆ ਕਿ ਸੰਨ 1980 ਤੋਂ ਲੈ ਕੇ 1994 ਤੱਕ ਦੇ ਅਰਸੇ ਦੌਰਾਨ ਕਰੀਬ 8527 ਵਿਅਕਤੀ ਲਾਪਤਾ ਹੋਏ ਜਾਂ ਮਾਰ ਦਿੱਤੇ ਗਏ ਹਨ ਤੇ ਇਨ੍ਹਾਂ ਵਿੱਚੋਂ ਕਈ ਕੇਸਾਂ ਦੀ ਪੀ ਡੀ ਏ ਪੀ ਨੇ ਪੜਤਾਲ ਕੀਤੀ ਹੈ। ਇਸ ਵਿੱਚ ਪੰਜਾਬ ਦੇ 14 ਜ਼ਿਲ੍ਹਿਆਂ ਦੇ 6140 ਕੇਸ ਅਣਪਛਾਤੀਆਂ ਤੇ ਲਾਵਾਰਸ ਲਾਸ਼ਾਂ ਕਰਾਰ ਦੇਣ ਵਾਲੇ ਹਨ। ਪਟੀਸ਼ਨ ਵਿੱਚ ਲਗਭਗ 1400 ਸ਼ਿਕਾਇਤਾਂ ਦਰਜ ਸਬੂਤ ਵਜੋਂ ਪੇਸ਼ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਪੁਲਸ ਨੇ ਦਾਅਵਾ ਕੀਤਾ ਕਿ ਇਹ ਅਣਪਛਾਤੇ ਅੱਤਵਾਦੀ ਹਨ, ਪਰ ਪੀ ਡੀ ਏ ਪੀ ਦੀ ਜਾਂਚ ਸਪੱਸ਼ਟ ਕਰਦੀ ਹੈ ਕਿ ਪੁਲਸ ਇਨ੍ਹਾਂ ਨੂੰ ਜਾਣਦੀ ਸੀ ਤੇ ਇਨ੍ਹਾਂ ਵਿਅਕਤੀਆਂ ਦਾ ਪੁਲਸ ਹਿਰਾਸਤ ਵਿੱਚ ਕਤਲ ਕਰ ਦਿੱਤਾ ਗਿਆ।

## ਪੰਜਾਬ ਦੇ ਦਰਿਆਵਾਂ ਵਿੱਚ ਗੰਦਗੀ ਪੈਂਦੀ ਰੋਕਣ ਦੇ ਲਈ ਸੈਂਸਰ ਲੱਗਣਗੇ

ਜਲੰਧਰ, 8 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਦਰਿਆਵਾਂ ਵਿੱਚ ਪੈਂਦੀ ਗੰਦਗੀ ਦਾ ਹੱਲ ਨਾ ਨਿਕਲਦਾ ਦੇਖ ਕੇ ਇਨ੍ਹਾਂ 'ਤੇ ਸੈਂਸਰ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਪਹਿਲੇ ਪੜਾਅ ਵਿੱਚ 10 ਸੈਂਸਰ ਲਾਏ ਜਾਣਗੇ ਜਿਹੜੇ ਦਰਿਆਵਾਂ ਦੇ ਪਾਣੀਆਂ ਵਿੱਚ ਪੈਂਦੀ ਗੰਦਗੀ ਤੋਂ ਚੌਕਸ ਕਰਨਗੇ। ਪਾਣੀ 'ਤੇ ਤੈਰਦੇ ਇਨ੍ਹਾਂ ਸੈਂਸਰਾਂ ਨੂੰ ਪਹਿਲਾਂ ਸਭ ਤੋਂ ਪਲੀਤ ਮੰਨੀ ਜਾ ਰਹੀ ਨਦੀ ਜਮਨਾ 'ਤੇ ਲਾਇਆ ਗਿਆ ਹੈ। ਪੰਜਾਬ ਵਿੱਚ ਸੈਂਸਰ ਸਤਲੁਜ, ਬਿਆਸ ਅਤੇ ਘੱਗਰ 'ਤੇ ਲੱਗਣਗੇ।



ਮਿਲੀ ਜਾਣਕਾਰੀ ਅਨੁਸਾਰ ਇਹ ਸੈਂਸਰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਲਾਏ ਜਾਣਗੇ। ਇਸ ਨੂੰ ਲਾਉਣ ਲਈ ਬਾਕਾਇਦਾ ਟੈਂਡਰ ਕੱਢੇ ਗਏ ਹਨ ਅਤੇ ਇੱਕ ਸੈਂਸਰ ਦੀ ਕੀਮਤ ਤੀਹ ਲੱਖ ਰੁਪਏ ਦੇ ਕਰੀਬ ਹੈ। ਸਤਲੁਜ ਦਰਿਆ ਵਿੱਚ ਲੁਧਿਆਣਾ ਦਾ ਬੁੱਢਾ ਨਾਲਾ, ਚਿੱਟੀ ਵੇਈਂ, ਜਲੰਧਰ ਦੀ ਕਾਲਾ ਸੰਘਿਆ ਡਰੇਨ ਦਾ ਜ਼ਹਿਰੀਲਾ ਪਾਣੀ ਪੈ ਰਿਹਾ ਹੈ ਤੇ ਹਰੀਕੇ ਪੱਤਣ ਤੋਂ ਸਤਲੁਜ ਦਾ ਪਾਣੀ ਦੋਂਹ ਨਹਿਰਾਂ ਰਾਹੀਂ ਰਾਜਸਥਾਨ ਅਤੇ ਮਾਲਵਾ ਇਲਾਕੇ ਨੂੰ ਜਾਂਦਾ ਹੈ। ਪਾਣੀ ਵਿੱਚ ਜ਼ਹਿਰੀਲੇ ਤੱਤ ਹੋਣ ਕਾਰਨ ਪੰਜਾਬ ਦਾ ਮਾਲਵਾ ਇਲਾਕਾ ਤੇ ਰਾਜਸਥਾਨ ਦੇ ਅੱਠ ਜ਼ਿਲ੍ਹੇ ਕੈਂਸਰ ਨਾਲ ਬੁਰੀ ਤਰ੍ਹਾਂ ਪੀੜਤ ਹਨ। ਬਿਆਸ ਦਰਿਆ ਵਿੱਚ ਮਈ 2018 ਦੌਰਾਨ ਚੱਢਾ ਸ਼ੂਗਰ ਮਿੱਲ ਦਾ ਸੀਰਾ ਵੱਡੇ ਪੱਧਰ 'ਤੇ ਪੈ ਗਿਆ ਸੀ ਜਿਸ ਨਾਲ ਵੱਡੀ ਪੱਧਰ 'ਤੇ ਜਲ ਜੀਵ ਮਰ ਗਏ ਸਨ ਅਤੇ ਮਿੱਲ ਨੂੰ ਪੰਜ ਕਰੋੜ ਦਾ ਜੁਰਮਾਨਾ ਲਾਇਆ ਗਿਆ ਸੀ। ਘੱਗਰ ਦਰਿਆ ਵਿੱਚ ਸਾਫ ਪਾਣੀ ਵਗਦਾ ਹੀ ਨਹੀਂ। ਇਸ ਵਿੱਚ ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਸੀਵਰੇਜ ਦੇ ਪਾਣੀ ਪੈ ਰਹੇ ਹਨ ਤੇ ਘੱਗਰ ਦਰਿਆ ਕੰਢੇ ਵੱਸਣ ਵਾਲੇ ਲੋਕ ਵੀ ਬਿਮਾਰੀਆਂ ਤੋਂ ਪੀੜਤ ਹਨ। ਇਹ ਸੈਂਸਰ ਲੱਗਣ ਨਾਲ ਪਾਣੀ ਵਿੱਚ ਰਲਣ ਵਾਲੇ ਜ਼ਹਿਰੀਲੇ ਤੱਤਾਂ ਬਾਰੇ ਤੁਰੰਤ ਜਾਣਕਾਰੀ ਹਾਸਲ ਹੋ ਸਕੇਗੀ।

## ਐਨੀਮੇਟਿਡ ਫਿਲਮ ਦੇ ਬਾਰੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਿਚਾਰ ਕਰੇਗੀ

ਅੰਮ੍ਰਿਤਸਰ, 8 ਜੁਲਾਈ (ਪੋਸਟ ਬਿਊਰੋ)- ਐਨੀਮੇਟਿਡ ਫਿਲਮ 'ਦਾਸਤਾਨ ਏ ਮੀਰੀ ਪੀਰੀ' ਦਾ ਮਾਮਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਕੋਲ ਇੱਕ ਵਾਰ ਫਿਰ ਪੁੱਜ ਗਿਆ ਹੈ ਅਤੇ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਮਗਰੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਫਿਲਮ ਰਿਲੀਜ਼ ਕਰਨ ਲਈ ਝੰਡੀ ਦਿੱਤੀ ਜਾਵੇਗੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸ਼ੁਰੂ ਕੀਤੇ ਮੀਰੀ ਪੀਰੀ ਦੇ ਸਿਧਾਂਤ ਨੂੰ ਦਰਸਾਉਂਦੀ ਇਸ ਫਿਲਮ ਨੂੰ ਪ੍ਰਬੰਧਕਾਂ ਨੇ ਪੰਜ ਜੂਨ ਨੂੰ ਰਿਲੀਜ਼ ਕਰਨ ਦਾ ਪ੍ਰੋਗਰਾਮ ਮਿਥ ਲਿਆ ਸੀ, ਪਰ ਇਹ ਫਿਲਮ ਓਦੋਂ ਵਿਵਾਦਾਂ ਵਿੱਚ ਘਿਰ ਗਈ ਸੀ, ਜਦੋਂ ਇਸ ਦਾ ਪ੍ਰੋਮੋ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਅਤੇ ਇਸ ਵਿੱਚ ਗੁਰੂ ਸਾਹਿਬ ਨੂੰ ਐਨੀਮੇਟਿਡ ਰੂਪ ਵਿੱਚ ਦਿਖਾਇਆ ਗਿਆ ਸੀ।

ਇਸ ਦੇ ਬਾਅਦ ਜਦੋਂ ਇਸ ਫਿਲਮ ਦਾ ਵਿਰੋਧ ਹੋਇਆ ਅਤੇ ਇਸ ਬਾਰੇ ਕਈ ਸ਼ਿਕਾਇਤਾਂ ਅਕਾਲ ਤਖਤ ਤੱਕ ਪੁੱਜੀਆਂ ਤਾਂ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਫਿਲਮ ਦੇ ਬਾਰੇ ਰਿਪੋਰਟ ਦੇਣ ਦੇ ਨਿਰਦੇਸ਼ ਦਿੱਤੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਫਿਲਮਾਂ ਸੰਬੰਧੀ ਸਬ ਕਮੇਟੀ ਦੇ ਮੈਂਬਰਾਂ ਨੇ ਫਿਲਮ ਵਿੱਚੋਂ ਇਤਰਾਜ਼ ਯੋਗ ਦ੍ਰਿਸ਼ ਠੀਕ ਕਰਵਾਏ ਹਨ। ਕਰੀਬ ਇੱਕ ਦਰਜਨ ਇਤਰਾਜ਼ ਠੀਕ ਕਰਨ ਮਗਰੋਂ ਸਬ ਕਮੇਟੀ ਵੱਲੋਂ ਇਸ ਫਿਲਮ ਸੰਬੰਧੀ ਆਪਣੀ ਰਿਪੋਰਟ ਅਕਾਲ ਤਖਤ ਦੇ ਜਥੇਦਾਰ ਨੂੰ ਭੇਜੀ ਗਈ ਸੀ, ਪਰ ਜਥੇਦਾਰ ਨੇ ਇਸ ਬਾਰੇ ਸ਼੍ਰੋਮਣੀ ਕਮੇਟੀ ਨੂੰ ਪੱਤਰ ਭੇਜ ਕੇ ਕਿਹਾ ਹੈ ਕਿ ਇਸ ਫਿਲਮ ਦੀ ਪ੍ਰਵਾਨਗੀ ਅੰਤ੍ਰਿੰਗ ਕਮੇਟੀ ਵਿੱਚ ਵਿਚਾਰਨ ਪਿੱਛੋਂ ਦਿੱਤੀ ਜਾਵੇ ਤੇ ਫਿਲਮਾਂ ਸੰਬੰਧੀ ਪੱਕੇ ਨਿਯਮ ਵੀ ਬਣਾਏ ਜਾਣ। ਇਸ ਸਬ ਕਮੇਟੀ ਦੇ ਮੁਖੀ ਐਡਵੋਕੇਟ ਬੀ ਐਸ ਸਿਆਲਕਾ ਤੇ ਹੋਰ ਮੈਂਬਰਾਂ ਨੇ ਦੱਸਿਆ ਕਿ ਜਾਂਚ ਕਮੇਟੀ ਵੱਲੋਂ ਲਾਏ ਇਤਰਾਜ਼ ਪ੍ਰਬੰਧਕਾਂ ਨੇ ਫਿਲਮ ਵਿੱਚੋਂ ਦੂਰ ਕਰ ਦਿੱਤੇ ਹਨ। ਕਮੇਟੀ ਨੇ ਆਪਣੀ ਰਿਪੋਰਟ ਅਕਾਲ ਤਖਤ ਦੇ ਜਥੇਦਾਰ ਨੂੰ ਭੇਜ ਦਿੱਤੀ ਸੀ, ਪਰ ਜਥੇਦਾਰ ਨੇ ਇਸ ਫਿਲਮ ਨੂੰ ਹਰੀ ਝੰਡੀ ਦੇਣ ਲਈ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਮੰਗੀ ਹੈ। ਵਰਨਣ ਯੋਗ ਹੈ ਕਿ 1934, 1940 ਅਤੇ ਇਸ ਤੋਂ ਬਾਅਦ ਦੇ ਫੈਸਲਿਆਂ ਹੇਠ ਇਹ ਫੈਸਲਾ ਕੀਤਾ ਗਿਆ ਸੀ ਕਿ ਫਿਲਮਾਂ, ਨਾਟਕਾਂ ਆਦਿ ਵਿੱਚ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਪਰਵਾਰਕ ਜੀਅ ਨਹੀਂ ਦਿਖਾਏ ਜਾਣਗੇ।

## ਸਿੱਖ ਪਰਵਾਰ ਵਿੱਚ ਪਲੀ ਕੁੜੀ, ਹਨੂਮਾਨ ਅੱਗੇ ਵਿਆਹ, ਮੁਸਲਿਮ ਮਾਮੇ ਵੱਲੋਂ ਕੰਨਿਆਦਾਨ

ਮੋਹਾਲੀ, 8 ਜੁਲਾਈ (ਪੋਸਟ ਬਿਊਰੋ)- ਨਫਰਤ ਦੀ ਫਸਲ ਬੀਜਣ ਦੇ ਦੌਰ ਵਿੱਚ ਵੀ ਇਨਸਾਨੀਅਤ ਦੇ ਗੁਲਸ਼ਨ ਵਿੱਚੋਂ ਮੁਹੱਬਤ ਦੀ ਖੁਸ਼ਬੂ ਆ ਜਾਂਦੀ ਹੈ। ਇਸ ਦੀ ਇੱਕ ਮਿਸਾਲ ਮੋਹਾਲੀ ਵਿੱਚ ਦੇਖਣ ਨੂੰ ਮਿਲੀ, ਜਿੱਥੇ ਇੱਕ ਸਿੱਖ ਪਰਵਾਰ ਨੇ ਆਪਣੀ ਮੇਡ ਨੂੰ ਧੀ ਬਣਾ ਕੇ ਉਸ ਦਾ ਵਿਆਹ ਪੂਰੇ ਹਿੰਦੂ ਰੀਤੀ-ਰਿਵਾਜ ਨਾਲ ਕਰਾਇਆ। ਵਿਆਹ ਦੀ ਸਭ ਤੋਂ ਅਹਿਮ ਗੱਲ ਇਹ ਸੀ ਕਿ ਲੜਕੇ ਦੇ ਮਾਮੇ ਦਾ ਫਰਜ਼ ਤੇ ਲੜਕੀ ਦਾ ਕੰਨਿਆਦਾਨ ਇੱਕ ਮੁਸਲਿਮ ਨੇ ਕੀਤਾ।



ਕੈਪਟਨ ਨਵਜੀਤ ਸਿੰਘ ਸੰਧੂ ਆਪਣੀ ਪਤਨੀ ਮਨਦੀਪ ਕੌਰ ਸੰਧੂ ਨਾਲ ਫੇਜ਼-3-1 ਦੀ ਕੋਠੀ ਨੰਬਰ 740 ਵਿੱਚ ਰਹਿੰਦੇ ਹਨ। ਪਿਛਲੇ 10 ਸਾਲ ਤੋਂ ਸ਼ਾਂਤੀ ਦੇਵੀ ਉਨ੍ਹਾਂ ਦੇ ਘਰ ਮੇਡ ਦਾ ਕੰਮ ਕਰਦੀ ਸੀ। ਕੈਪਟਨ ਨਵਜੀਤ ਸਿੰਘ ਸੰਧੂ ਤੇ ਉਨ੍ਹਾਂ ਦੀ ਪਤਨੀ ਮਨਦੀਪ ਕੌਰ ਸੰਧੂ ਨੇ ਸ਼ਾਂਤੀ ਦਾ ਆਪਣੀ ਧੀ ਵਾਂਗ ਪਾਲਣ-ਪੋਸ਼ਣ ਕੀਤਾ। ਉਹ ਮੂਲ ਰੂਪ ਤੋਂ ਕਾਨਪੁਰ (ਯੂ ਪੀ) ਦੇ ਪਿੰਡ ਤਿਪਰੀ ਦੀ ਰਹਿਣ ਵਾਲੀ ਹੈ। 10 ਸਾਲ ਪਹਿਲਾਂ ਉਸ ਦੀ ਵੱਡੀ ਭੈਣ ਉਸ ਨੂੰ ਮੋਹਾਲੀ ਲਿਆਈ ਸੀ, ਓਦੋਂ ਤੋਂ ਕੈਪਟਨ ਸੰਧੂ ਦੇ ਘਰ 'ਤੇ ਮੇਡ ਦਾ ਕੰਮ ਕਰ ਰਹੀ ਹੈ। ਸ਼ਾਂਤੀ ਸਮੇਤ ਉਸ ਦੀਆਂ ਕੁੱਲ ਸੱਤ ਭੈਣਾਂ ਹਨ। ਚਾਰ ਭੈਣਾਂ ਮੋਹਾਲੀ ਵਿੱਚ ਮੇਡ ਦਾ ਕੰਮ ਕਰਦੀਆਂ ਹਨ, ਬਾਕੀ ਉਸ ਦੇ ਪਿਤਾ ਨਨਕਯ ਕੁਮਾਰ ਅਤੇ ਮਾਂ ਨੀਲਮ ਦੇਵੀ ਨਾਲ ਯੂ ਪੀ ਵਿੱਚ ਰਹਿੰਦੀਆਂ ਹਨ। ਘਰ ਦੀ ਮਾਲੀ ਹਾਲਤ ਖਰਾਬ ਸੀ, ਇਸ ਲਈ ਧੀ ਦਾ ਵਿਆਹ ਕਰਨਾ ਵੱਡਾ ਸਵਾਲ ਸੀ, ਪ੍ਰੰਤੂ ਕੈਪਟਨ ਸੰਧੂ ਨੇ ਸ਼ਾਂਤੀ ਲਈ ਖੁਦ ਉਸ ਦੀ ਬਿਰਾਦਰੀ ਦਾ ਲੜਕਾ ਲੱਭਿਆ ਅਤੇ ਆਪਣੇ ਖਰਚ ਉਤੇ ਉਸ ਦਾ ਵਿਆਹ ਲੁਧਿਆਣਾ ਦੇ ਕਰਨ ਕੁਮਾਰ ਨਾਲ ਕਰਵਾਇਆ। ਕਰਨ ਲੁਧਿਆਣਾ ਵਿੱਚ ਪ੍ਰਾਈਵੇਟ ਨੌਕਰੀ ਕਰਦਾ ਤੇ ਆਪਣੇ ਪਰਵਾਰ ਨਾਲ ਉਥੇ ਰਹਿੰਦਾ ਹੈ। ਮੋਹਾਲੀ ਦੇ ਹਨੂਮਾਨ ਮੰਦਰ ਵਿੱਚ ਦੋਵਾਂ ਨੇ ਫੇਰੇ ਲਏ। ਕੰਨਿਆਦਾਨ ਦੇ ਸਮੇਂ ਮੁਹੰਮਦ ਹਬੀਬ ਨੇ ਉਸ ਦੇ ਮਾਮੇ ਦਾ ਫਰਜ਼ ਅਦਾ ਕੀਤਾ। ਹਨੂਮਾਨ ਮੰਦਰ ਵਿੱਚ ਬਰਾਤ ਦਾ ਸਵਾਗਤ ਕੀਤਾ ਗਿਆ। ਬਰਾਤ ਵਿੱਚ ਆਏ 150 ਬਰਾਤੀਆਂ ਨੂੰ ਭੋਜਨ ਕਰਾਇਆ ਗਿਆ। ਇਸ ਮੌਕੇ 'ਤੇ ਸ਼ਾਂਤੀ ਦਾ ਪੂਰਾ ਪਰਵਾਰ ਸ਼ਾਮਲ ਸੀ। ਜਦ ਕੈਪਟਨ ਸੰਧੂ ਨੇ ਸ਼ਾਂਤੀ ਨੂੰ ਘਰ 'ਚੋਂ ਵਿਦਾ ਕੀਤਾ ਤਾਂ ਸਾਰਿਆਂ ਦੀਆਂ ਅੱਖਾਂ ਛਲਕ ਪਈਆਂ।

## ਅਕਾਲੀ ਆਗੂ ਦੀ ਬੱਸ ਹੇਠ ਆ ਕੇ ਹਾਦਸੇ ਵਿੱਚ ਸੱਤ ਸਾਲਾ ਬੱਚੀ ਦੀ ਮੌਤ

ਬਠਿੰਡਾ, 8 ਜੁਲਾਈ (ਪੋਸਟ ਬਿਊਰੋ)- ਗੋਨਿਆਣਾ ਰੋਡ 'ਤੇ ਝੀਲ ਨੰਬਰ ਦੋ ਸਾਹਮਣੇ ਨਿੱਜੀ ਕੰਪਨੀ ਦੀ ਤੇਜ਼ ਰਫਤਾਰ ਬਸ ਦੀ ਲਪੇਟ ਵਿੱਚ ਆਉਣ ਕਾਰਨ ਸੱਤ ਸਾਲਾ ਬੱਚੀ ਦੀ ਮੌਤ ਹੋ ਗਈ ਤੇ ਉਸ ਦੀ ਮਾਂ ਗੰਭੀਰ ਜ਼ਖਮੀ ਹੋ ਗਈ। ਬਸ ਚਾਲਕ ਫਰਾਰ ਹੋ ਗਿਆ। ਥਾਣਾ ਥਰਮਲ ਦੀ ਪੁਲਸ ਨੇ ਬਸ ਕਬਜ਼ੇ ਵਿੱਚ ਲੈ ਕੇ ਕੰਡਕਟਰ ਨੂੰ ਗ੍ਰਿਫਤਾਰ ਕਰ ਲਿਆ ਹੈ। ਬਸ ਚਾਲਕ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਮ੍ਰਿਤਕ ਬੱਚੀ ਦੇ ਪਰਵਾਰਕ ਮੈਂਬਰਾਂ ਅਤੇ ਮੁਹੱਲਾ ਵਾਸੀਆਂ ਨੇ ਗੋਨਿਆਣਾ ਰੋਡ 'ਤੇ ਧਰਨਾ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸਵੇਰ ਰਿੰਪੀ ਸ਼ਰਮਾ ਵਾਸੀ ਸੁੱਚਾ ਸਿੰਘ ਨਗਰ ਸੱਤ ਸਾਲਾ ਬੱਚੀ ਚਾਹਤ ਨਾਲ ਐਕਟਿਵਾ ਉਤੇ ਜਾ ਰਹੀ ਸੀ। ਗੋਨਿਆਣਾ ਰੋਡ ਉਤੇ ਝੀਲ ਨੰਬਰ ਦੋ ਨੇੜੇ ਨਿਊ ਦੀਪ ਕੰਪਨੀ ਦੀ ਤੇਜ਼ ਰਫਤਾਰ ਬਸ ਨੇ ਇੱਕ ਕਾਰ ਨੂੰ ਪਿੱਛੋਂ ਟੱਕਰ ਮਾਰ ਦਿੱਤੀ, ਜੋ ਬੇਕਾਬੂ ਹੋ ਕੇ ਅੱਗੇ ਜਾਂਦੀ ਐਕਟਿਵਾ ਨਾਲ ਜਾ ਵੱਜੀ। ਟੱਕਰ ਕਾਰਨ ਰਿੰਪੀ ਅਤੇ ਬੱਚੀ ਚਾਹਤ ਸੜਕ 'ਤੇ ਡਿੱਗ ਗਏ। ਇਸ ਦੌਰਾਨ ਬੇਕਾਬੂ ਕਾਰ ਬੱਚੀ ਉਪਰੋਂ ਲੰਘ ਗਈ। ਹਾਦਸੇ ਵਿੱਚ ਬੱਚੀ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਉਸ ਦੀ ਮਾਂ ਗੰਭੀਰ ਜ਼ਖਮੀ ਹੋ ਗਈ। ਹਾਦਸੇ ਦੀ ਖਬਰ ਮਿਲਦਿਆਂ ਸਾਰ ਸੁੱਚਾ ਸਿੰਘ ਨਗਰ ਦੇ ਵੱਡੀ ਗਿਣਤੀ ਮੁਹੱਲਾ ਵਾਸੀ ਸਥਾਨਕ ਸਰਕਾਰੀ ਹਸਪਤਾਲ 'ਚ ਇਕੱਠਾ ਹੋ ਗਏ। ਗੁੱਸੇ 'ਚ ਆਏ ਲੋਕਾਂ ਨੇ ਗੋਨਿਆਣਾ ਰੋਡ ਦੇ ਇੱਕ ਪਾਸੇ ਧਰਨਾ ਲਾ ਕੇ ਆਵਾਜਾਈ ਠੱਪ ਕਰ ਦਿੱਤੀ। ਲੋਕਾਂ ਨੇ ਦੱਸਿਆ ਕਿ ਹਾਦਸੇ ਦਾ ਸ਼ਿਕਾਰ ਹੋਈ ਰਿੰਪੀ ਗਰੀਬ ਪਰਵਾਰ ਨਾਲ ਸੰਬੰਧਤ ਹੈ, ਜਿਸ ਕਾਰਨ ਉਹ ਉਸ ਦਾ ਇਲਾਜ ਕਰਵਾਉਣ ਵਿੱਚ ਅਸਮਰਥ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਪਰਵਾਰ ਲਈ ਮਾਲੀ ਮਦਦ ਤੇ ਬਸ ਡਰਾਈਵਰ ਨੂੰ ਹਿਰਾਸਤ ਵਿੱਚ ਲੈ ਕੇ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਧਰਨੇ 'ਤੇ ਬੈਠੇ ਲੋਕਾਂ ਨੇ ਐਲਾਨ ਕੀਤਾ ਕਿ ਜਦ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਇਹ ਬੱਸ ਇੱਕ ਅਕਾਲੀ ਆਗੂ ਦੀ ਕੰਪਨੀ ਦੀ ਦੱਸੀ ਜਾਂਦੀ ਹੈ।

## ਜੇਲ੍ਹ ਤੋਂ ਆਏ ਨੌਜਵਾਨ ਦਾ ਸ਼ਰੇਆਮ ਗੋਲੀਆਂ ਮਾਰ ਕੇ ਕਤਲ



ਗੜ੍ਹਸ਼ੰਕਰ, 8 ਜੁਲਾਈ (ਪੋਸਟ ਬਿਊਰੋ)- ਇਸ ਕਸਬੇ ਦੇ ਨੇੜੇ ਕੱਲ੍ਹ ਦਿਨ ਦਿਹਾੜੇ ਕਾਰ ਸਵਾਰਾਂ ਨੇ ਇੱਕ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਅਤੇ ਫਿਰ ਫਰਾਰ ਹੋ ਗਏ।

ਮਿਲੀ ਜਾਣਕਾਰੀ ਅਨੁਸਾਰ ਗੜ੍ਹਸ਼ੰਕਰ-ਨੰਗਲ ਰੋਡ 'ਤੇ ਪਿੰਡ ਸ਼ਾਹਪੁਰ ਦੇ ਜਸਵੰਤ ਢਾਬੇ 'ਤੇ ਸ਼ਾਮ ਕਰੀਬ ਪੰਜ ਕੁ ਵਜੇ ਇਹ ਕਤਲ ਹੋਇਆ ਹੈ। ਢਾਬਾ ਮਾਲਕ ਦੇ ਦੱਸਣ ਅਨੁਸਾਰ ਮੋਟਰ ਸਾਈਕਲ ਉਤੇ ਸਵਾਰ ਹੋ ਕੇ ਦੋ ਜਣੇ ਹਾਲੇ ਢਾਬੇ 'ਤੇ ਆ ਕੇ ਰੁਕੇ ਸਨ ਕਿ ਪਿੱਛੋਂ ਆਈ ਕਾਲੇ ਰੰਗ ਦੀ ਏਸ਼ੈਂਟ ਕਾਰ 'ਚ ਸਵਾਰ ਮੋਨੇ ਵਿਅਕਤੀਆਂ ਵੱਲੋਂ ਰਿਵਾਲਵਰ ਨਾਲ ਢਾਬੇ ਅੱਗੇ ਖੜ੍ਹੇ ਇੱਕ ਨੌਜਵਾਨ ਦੇ ਸਿਰ 'ਤੇ ਗੋਲੀਆਂ ਮਾਰ ਦਿੱਤੀਆਂ, ਜਿਸ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਵਿਸ਼ਾਲ (29) ਪੁੱਤਰ ਜਸਵੰਤ ਰਾਣਾ ਪਿੰਡ ਰਾਮਪੁਰ ਬਿਲੜੋਂ (ਗੜ੍ਹਸ਼ੰਕਰ) ਵਜੋਂ ਹੋਈ ਹੈ। ਓਥੇ ਆਈ ਪੁਲਸ ਨੇ ਮ੍ਰਿਤਕ ਵਿਸ਼ਾਲ ਦੇ ਸਾਥੀ ਨੌਜਵਾਨ ਰਾਮ ਪਾਲ ਵਾਸੀ ਹਾਜੀਪੁਰ ਨੂੰ ਪੁੱਛਗਿਛ ਲਈ ਹਿਰਾਸਤ ਵਿੱਚ ਲਿਆ ਹੈ। ਮ੍ਰਿਤਕ ਦੇ ਪਿਤਾ ਜਸਵੰਤ ਰਾਣਾ ਨੇ ਦੱਸਿਆ ਕਿ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਕੇਸ ਵਿੱਚ ਜੇਲ੍ਹ ਵਿੱਚ ਬੰਦ ਵਿਸ਼ਾਲ ਕੁਝ ਮਹੀਨੇ ਪਹਿਲਾਂ ਰਿਹਾਅ ਹੋ ਕੇ ਆਇਆ ਸੀ ਅਤੇ ਉਦੋਂ ਤੋਂ ਘਰੇ ਰਹਿੰਦਾ ਸੀ। ਇਸ ਘਟਨਾ ਤੋਂ ਪਹਿਲਾਂ ਉਹ ਇੱਕ ਹੋਰ ਲੜਕੇ ਨਾਲ ਘਰੋਂ ਮੋਟਰ ਸਾਈਕਲ 'ਤੇ ਕਿਤੇ ਬਾਹਰ ਗਿਆ ਸੀ। ਪੁਲਸ ਨੇ ਘਟਨਾ ਸਥਾਨ 'ਤੇ ਇੱਕ ਜ਼ਿੰਦਾ ਕਾਰਤੂਸ ਤੇ ਗੋਲੀਆਂ ਦੇ ਪੰਜ ਖੋਲ ਬਰਾਮਦ ਕੀਤੇ ਹਨ। ਐੱਸ ਐੱਚ ਓ ਰਾਜੇਸ਼ ਕੁਮਾਰ ਵੱਲੋਂ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

ਇਸ ਕਤਲ ਦੀ ਘਟਨਾ ਤੋਂ ਬਾਅਦ ਮ੍ਰਿਤਕ ਵਿਸ਼ਾਲ ਦੇ ਮਾਪਿਆਂ ਅਤੇ ਪਿੰਡ ਵਾਸੀਆਂ ਨੇ ਦੇਰ ਸ਼ਾਮ ਤੱਕ ਘਟਨਾ ਸਥਾਨ ਤੋਂ ਪੁਲਸ ਨੂੰ ਲਾਸ਼ ਚੁੱਕਣ ਤੋਂ ਪਹਿਲਾਂ ਦੋਸ਼ੀਆਂ ਨੂੰ ਕਾਬੂ ਕਰਨ ਦੀ ਮੰਗ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਪੁਲਸ ਕੁਝ ਮਹੀਨੇ ਪਹਿਲਾਂ ਪਿੰਡ ਘਾਗੋਂ ਰੋੜਾਂਵਾਲੀ ਵਿਖੇ ਇੱਕ ਨੌਜਵਾਨ ਦੇ ਕਤਲ ਦੀ ਘਟਨਾ ਦੇ ਦੋਸ਼ੀਆਂ ਨੂੰ ਹਾਲੇ ਤੱਕ ਕਾਬੂ ਨਹੀਂ ਕਰ ਸਕੀ ਤੇ ਇਸ ਕੇਸ ਵਿੱਚ ਵੀ ਇਹੋ ਹੋਵੇਗਾ।

## ਘੁੰਮਣ ਗਏ ਪਤੀ-ਪਤਨੀ ਦੀ ਸੜਕ ਹਾਦਸੇ ਵਿੱਚ ਮੌਤ

ਫਤਿਹਗੜ੍ਹ ਸਾਹਿਬ, 8 ਜੁਲਾਈ (ਪੋਸਟ ਬਿਊਰੋ)- ਸੋਸ਼ਲ ਮੀਡੀਆ ਰਾਹੀਂ ਗੁਹਾਟੀ ਵਿੱਚ ਹੋਏ ਦਰਦਨਾਕ ਹਾਦਸੇ ਦੀ ਵੀਡੀਓ ਦੀ ਖਬਰ ਆਈ ਹੈ ਕਿ ਫਤਿਹਗੜ੍ਹ ਸਾਹਿਬ ਦੇ ਪਿੰਡ ਮੂਲੇਪੁਰ ਨਿਵਾਸੀਆਂ ਦੀ ਬਲਾਕ ਸੰਮਤੀ ਬਸੀ ਪਠਾਣਾਂ ਦੇ ਸਾਬਕਾ ਮੈਂਬਰ ਗੁਰਭੇਜ ਸਿੰਘ ਰਾਏ ਦੇ ਲੜਕੇ ਤੇ ਨੂੰਹ ਮਾਰੇ ਗਏ ਹਨ।

ਇਸ ਸੰਬੰਧ ਵਿੱਚ ਰਾਏ ਪਰਵਾਰ ਦੇ ਕਰੀਬੀ ਭਗਵੰਤ ਸਿੰਘ ਰੁੜਕੀ ਨੇ ਹਾਦਸੇ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਤੀਹ ਜੂਨ ਐਤਵਾਰ ਪਿੰਡ ਮੂਲੇਪੁਰ ਤੋਂ ਸੁਖਚੈਨ ਸਿੰਘ ਰਾਏ, ਮਨਪ੍ਰੀਤ ਕੌਰ (ਦੋਵੇਂ ਪਤੀ ਪਤਨੀ) ਆਪਣੀ ਫਾਰਚੂਨਰ ਗੱਡੀ ਉੱਤੇ ਕੁੱਲੂ ਮਨਾਲੀ, ਲੇਹ ਲੱਦਾਖ, ਜੰਮੂ ਆਦਿ ਇਲਾਕਿਆਂ ਵਿੱਚ ਘੁੰਮਣ ਗਏ ਸਨ। ਕੱਲ੍ਹ ਛੇ ਜੁਲਾਈ ਨੂੰ ਗੁਘਾਟੀ (ਜੰਮੂ) ਨੇੜੇ ਪਹੁੰਚੇ ਤਾਂ ਉਨ੍ਹਾਂ ਦੀ ਗੱਡੀ ਦਾ ਸੰਤੁਲਨ ਵਿਗੜ ਗਿਆ ਤੇ ਉਨ੍ਹਾਂ ਦੀ ਗੱਡੀ ਸੜਕ ਕਿਨਾਰੇ ਡਿਵਾਈਡਰ ਨਾਲ ਜਾ ਟਕਰਾਈ ਜਿਸ ਦੇ ਸਿੱਟੇ ਵਜੋਂ ਸੁਖਚੈਨ ਸਿੰਘ ਰਾਏ (29) ਦੀ ਮੌਕੇ 'ਤੇ ਮੌਤ ਹੋ ਗਈ। ਉਸ ਦੀ ਪਤਨੀ ਮਨਪ੍ਰੀਤ ਕੌਰ ਰਾਏ (23) ਗੰਭੀਰ ਜ਼ਖਮੀ ਹੋ ਗਈ, ਜਿਸ ਨੂੰ ਰਾਹਗੀਰਾਂ ਨੇ ਜੰਮੂ ਦੇ ਹਸਪਤਾਲ ਵਿੱਚ ਭਰਵਾ ਕਰਵਾ ਦਿੱਤਾ ਸੀ। ਜੰਮੂ ਦੇ ਡਾਕਟਰਾਂ ਅਨੁਸਾਰ ਮਨਪ੍ਰੀਤ ਕੌਰ ਰਾਏ ਦੀ ਗੰਭੀਰ ਹਾਲਤ ਹੋਣ ਕਾਰਨ ਡਾਕਟਰਾਂ ਨੇ ਉਸ ਨੂੰ ਡੀ ਐੱਮ ਸੀ ਲੁਧਿਆਣਾ ਭੇਜ ਦਿੱਤਾ ਸੀ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ ਹੈ।

## ਹੋਮਗਾਰਡ ਦੇ ਸਬ ਇੰਸਪੈਕਟਰ ਨੂੰ ਸਾਬਕਾ ਹਵਾਲਦਾਰ ਨੇ ਕੁੱਟ-ਕੁੱਟ ਕੇ ਮਾਰਿਆ

ਲੁਧਿਆਣਾ, 8 ਜੁਲਾਈ (ਪੋਸਟ ਬਿਊਰੋ)- ਥਾਣਾ ਸਲੇਮ ਟਾਬਰੀ ਹੇਠਲੇ ਇਲਾਕੇ ਅਮਨ ਨਗਰ 'ਚ ਕੱਲ੍ਹ ਸ਼ਾਮ ਹੋਮਗਾਰਡ ਦੇ ਸਬ ਇੰਸਪੈਕਟਰ ਦੀ ਉਸ ਦੇ ਗੁਆਂਢ ਰਹਿੰਦੇ ਇੱਕ ਸੇਵਾਮੁਕਤ ਪੁਲਸ ਹਵਾਲਦਾਰ 'ਤੇ ਉਸ ਦੇ ਰਿਸ਼ਤੇਦਾਰਾਂ ਵੱਲੋਂ ਕੁੱਟ ਕੁੱਟ ਕੇ ਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਮ੍ਰਿਤਕ ਸਬ ਇੰਸਪੈਕਟਰ ਦੀ ਪਛਾਣ ਲਾਲਧਾਰੀ ਯਾਦਵ (60) ਵਾਸੀ ਅਮਨ ਨਗਰ ਵਜੋਂ ਹੋਈ ਹੈ। ਲਾਲਧਾਰੀ ਯਾਦਵ ਨੇ ਇੱਕ ਦਿਨ ਬਾਅਦ ਸੇਵਾਮੁਕਤ ਹੋਣਾ ਸੀ ਅਤੇ ਕੱਲ੍ਹ ਸਟਾਫ ਨੇ ਉਸ ਨੂੰ ਵਿਦਾਇਗੀ ਪਾਰਟੀ ਦਿੱਤੀ ਸੀ। ਘਟਨਾ ਕੱਲ੍ਹ ਦੁਪਹਿਰ ਉਸ ਵਕਤ ਵਾਪਰੀ, ਜਦੋਂ ਮਾਮੂਲੀ ਜਿਹੀ ਗੱਲ ਬਾਰੇ ਲਾਲਧਾਰੀ ਯਾਦਵ ਦਾ ਆਪਣੇ ਗੁਆਂਢ ਵਿੱਚ ਰਹਿੰਦੇ ਸੇਵਾਮੁਕਤ ਹਵਾਲਦਾਰ ਪ੍ਰਿਥੀਪਾਲ ਸਿੰਘ ਨਾਲ ਟਕਰਾਅ ਹੋ ਗਿਆ। ਲਾਲਧਾਰੀ ਨੇ ਆਪਣੇ ਘਰ ਦੇ ਬਾਹਰ ਥੜ੍ਹੀ ਬਣਾਈ ਸੀ, ਜਿਸ ਦਾ ਪ੍ਰਿਥੀਪਾਲ ਨੂੰ ਇਤਰਾਜ਼ ਸੀ। ਪਿਛਲੇ ਕੁਝ ਦਿਨਾਂ ਤੋਂ ਇਸ ਬਾਰੇ ਇਨ੍ਹਾਂ ਵਿਚਾਲੇ ਆਪਸ ਵਿੱਚ ਵਿਵਾਦ ਚੱਲ ਰਿਹਾ ਸੀ ਤੇ ਕੱਲ੍ਹ ਦੁਪਹਿਰ ਵੀ ਇਨ੍ਹਾਂ ਦਾ ਆਪਸ ਵਿੱਚ ਇਸੇ ਗੱਲ ਬਾਰੇ ਤਕਰਾਰ ਹੋ ਗਿਆ। ਲਾਲਧਾਰੀ ਦੇ ਲੜਕੇ ਵਿਜੇ ਪ੍ਰਕਾਸ਼ ਨੇ ਦੱਸਿਆ ਕਿ ਪ੍ਰਿਥੀਪਾਲ ਸਿੰਘ ਨੇ ਪਹਿਲਾਂ ਕਾਰ ਥੜ੍ਹੀ ਦੇ ਵਿਚਕਾਰ ਮਾਰੀ, ਜਦੋਂ ਉਸ ਦੇ ਪਿਤਾ ਘਰੋਂ ਬਾਹਰ ਆਏ ਤਾਂ ਪ੍ਰਿਥੀਪਾਲ ਨੇ ਉਨ੍ਹਾਂ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਇਸ ਦੌਰਾਨ ਪ੍ਰਿਥੀਪਾਲ ਦੀ ਪਤਨੀ, ਉਸ ਦਾ ਲੜਕਾ ਅਤੇ ਲੜਕੀ ਵੀ ਆ ਗਏ, ਜਿਨ੍ਹਾਂ ਨੇ ਉਸ ਦੇ ਪਿਤਾ ਨੂੰ ਆਪਣੇ ਘਰ ਲਿਜਾ ਕੇ ਬੰਦੀ ਮੁੜ ਉਨ੍ਹਾਂ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਰੌਲਾ ਸੁਣ ਕੇ ਲੋਕ ਇਕੱਠੇ ਹੋ ਗਏ ਤੇ ਉਸ ਦੇ ਪਿਤਾ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮੌਕੇ 'ਤੇ ਪਹੁੰਚੇ ਥਾਣਾ ਸਲੇਮ ਟਾਬਰੀ ਦੇ ਐੱਸ ਐੱਚ ਓ ਵਿਜੇ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਦੇ ਪਰਵਾਰਕ ਮੈਂਬਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ ਅਤੇ ਬਿਆਨਾਂ ਅਨੁਸਾਰ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

## ਬੇਅਦਬੀ ਕਰਨ ਵਾਲੀ ਮਹਿਲਾ ਦਾ ਕਾਤਲ ਚਾਰ ਸਾਲ ਪਿੱਛੋਂ ਕਾਬੂ

ਲੁਧਿਆਣਾ, 8 ਜੁਲਾਈ (ਪੋਸਟ ਬਿਊਰੋ)- ਡੇਹਲੋਂ ਦੇ ਪਿੰਡ ਆਲਮਗੀਰ ਵਿਚਲੇ ਗੁਰਦੁਆਰਾ ਮੰਜੀ ਸਾਹਿਬ ਦੇ ਬਾਹਰ ਮਹਿਲਾ ਬਲਵਿੰਦਰ ਕੌਰ ਦਾ ਕਤਲ ਕਰਨ ਵਾਲੇ ਦੋਸ਼ੀ ਨੂੰ ਚਾਰ ਸਾਲ ਪਿੱਛੋਂ ਖੰਨਾ ਪੁਲਸ ਨੇ ਫੜਿਆ ਹੈ। ਦੋਸ਼ੀ ਸੁਰਿੰਦਰ ਸਿੰਘ ਬਰਨਾਲਾ ਦੇ ਠੀਕਰੀਵਾਲ ਦਾ ਰਹਿਣ ਵਾਲਾ ਹੈ, ਉਹ ਥਾਣਾ ਡੇਹਲੋਂ ਦੀ ਪੁਲਸ ਦਾ ਭਗੌੜਾ ਸੀ।



ਵਰਨਣ ਯੋਗ ਹੈ ਕਿ 18 ਅਕਤੂਬਰ 2015 ਨੂੰ ਪਿੰਡ ਘਵੱਦੀ ਕਲਾਂ ਦੇ ਗੁਰਦੁਆਰਾ ਰਵੀਦਾਸਪੁਰਾ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪਾੜਨ ਦਾ ਕੇਸ ਸਾਹਮਣੇ ਆਇਆ ਸੀ, ਜਿਸ ਤੋਂ ਕਾਫੀ ਤਣਾਅ ਦੀ ਸਥਿਤੀ ਬਣ ਗਈ ਸੀ। ਬਾਅਦ ਵਿੱਚ ਪਤਾ ਲੱਗਾ ਕਿ ਪਿੰਡ ਘਵੱਦੀ ਦੀ ਵਸਨੀਕ ਸੇਵਾਦਾਰ ਬਲਵਿੰਦਰ ਕੌਰ ਨੇ ਸਰੂਪ ਪਾੜੇ ਸਨ ਕਿਉਂਕਿ ਪਹਿਲਾਂ ਬਲਵਿੰਦਰ ਕੌਰ ਦਾ ਬੇਟਾ ਰਣਜੀਤ ਸਿੰਘ ਪਹਿਲਾਂ ਇਸ ਗੁਰਦੁਆਰਾ ਸਾਹਿਬ ਦਾ ਪ੍ਰਧਾਨ ਸੀ। ਉਹ ਗੁਰਦੁਆਰਾ ਸਾਹਿਬ ਦੇ ਨਵੇਂ ਪ੍ਰਧਾਨ ਨੂੰ ਇਸ ਕੇਸ ਵਿੱਚ ਫਸਾ ਕੇ ਆਪਣੇ ਬੇਟੇ ਰਣਜੀਤ ਸਿੰਘ ਨੂੰ ਦੋਬਾਰਾ ਪ੍ਰਧਾਨ ਬਣਾਉਣਾ ਚਾਹੁੰਦੀ ਸੀ, ਪਰ ਪੁਲਸ ਜਾਂਚ ਵਿੱਚ ਸਾਰਾ ਭੇਦ ਖੁੱਲ੍ਹ ਗਿਆ ਸੀ। ਇਸ ਬਾਰੇ ਪੁਲਸ ਨੇ ਦੋਸ਼ੀ ਮਹਿਲਾ ਬਲਵਿੰਦਰ ਕੌਰ 'ਤੇ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕੀਤਾ ਅਤੇ ਜੇਲ੍ਹ ਭੇਜ ਦਿੱਤਾ ਸੀ। ਤਿੰਨ ਮਹੀਨੇ ਬਾਅਦ ਬਲਵਿੰਦਰ ਕੌਰ ਨੂੰ ਅਦਾਲਤ ਤੋਂ ਜ਼ਮਾਨਤ ਮਿਲ ਗਈ ਸੀ, ਪਰ ਉਹ ਆਪਣੇ ਪਿੰਡ ਨਹੀਂ ਗਈ ਕਿਉਂਕਿ ਪਿੰਡ ਵਾਲਿਆਂ ਨੇ ਉਸ ਦੇ ਰਹਿਣ 'ਤੇ ਪਾਬੰਦੀ ਲਾ ਦਿੱਤੀ ਸੀ। ਇਸ ਲਈ ਉਹ ਕਦੇ ਆਪਣੀ ਬੇਟੀ ਨਾਲ ਰਹਿੰਦੀ ਅਤੇ ਕਦੇ ਕਿਸੇ ਹੋਰ ਰਿਸ਼ਤੇਦਾਰਾਂ ਕੋਲ ਰਹਿੰਦੀ ਸੀ। 25 ਜੁਲਾਈ 2016 ਨੂੰ ਬਲਵਿੰਦਰ ਕੌਰ ਨੂੰ ਇੱਕ ਫੋਨ ਆਇਆ ਸੀ। ਫੋਨ ਕਰਨ ਵਾਲੇ ਨੇ ਕਿਹਾ ਕਿ ਉਸ ਨੂੰ ਫਿਰ ਤੋਂ ਪਿੰਡ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਜਾਏਗੀ। ਉਹ ਸਵੇਰੇ ਆਲਮਗੀਰ ਸਾਹਿਬ ਆ ਕੇ ਉਨ੍ਹਾਂ ਨੂੰ ਮਿਲ ਲੈਣ।

ਦੁਬਾਰਾ ਪਿੰਡ ਵਿੱਚ ਵਸਣ ਦੀ ਇੱਛਾ ਵਿੱਚ 26 ਜੁਲਾਈ 2016 ਨੂੰ ਬਲਵਿੰਦਰ ਕੌਰ ਪਿੰਡ ਆਲਮਗੀਰ ਸਥਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੇ ਬਾਹਰ ਪਹੁੰਚੀ ਤਾਂ ਉਸ ਦੇ ਨਾਲ ਉਸ ਦਾ ਬੇਟਾ ਰਣਜੀਤ ਸਿੰਘ ਵੀ ਸੀ। ਇਸੇ ਦੌਰਾਨ ਦੋ ਨੌਜਵਾਨ ਬਾਈਕ ਉਤੇ ਆਏ ਅਤੇ ਬਲਵਿੰਦਰ ਕੌਰ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ। ਉਹ ਉਸ ਦੇ ਬੇਟੇ ਰਣਜੀਤ ਸਿੰਘ ਨੂੰ ਵੀ ਮਾਰਨਾ ਚਾਹੁੰਦੇ ਸਨ, ਪਰ ਟ੍ਰਿਗਰ ਜਾਮ ਹੋਣ ਕਾਰਨ ਉਸ ਨੂੰ ਮਾਰਨ ਤੋਂ ਖੁੰਝ ਗਏ ਅਤੇ ਫਰਾਰ ਹੋ ਗਏ।

ਐੱਸ ਐੱਸ ਪੀ ਗੁਰਸ਼ਰਨਦੀਪ ਸਿੰਘ ਦਾ ਕਹਿਣਾ ਹੈ ਕਿ ਪੁਲਸ ਨੇ ਦੋਸ਼ੀ ਸੁਰਿੰਦਰ ਸਿੰਘ ਨੂੰ ਬਸ ਸਟੈਂਡ ਤੋਂ ਕਾਬੂ ਕੀਤਾ ਸੀ। ਬਾਅਦ ਵਿੱਚ ਪਤਾ ਲੱਗਾ ਕਿ ਦੋਸ਼ੀ ਉਤੇ ਥਾਣਾ ਡੇਹਲੋਂ ਵਿੱਚ ਕਤਲ ਦਾ ਕੇਸ ਦਰਜ ਹੈ। ਇਸ ਲਈ ਦੋਸ਼ੀ ਨੂੰ ਥਾਣਾ ਡੇਹਲੋਂ ਦੀ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ ਹੈ।



# ਸੰਜੀਵ ਭੱਟ ਨੂੰ ਰਾਜਸੀ ਕਿੜ ਦਾ ਸ਼ਿਕਾਰ ਬਣਾਇਆ ਹੋਣ ਦਾ ਦੋਸ਼

## * ਪਤਨੀ ਨੇ ਪ੍ਰੈੱਸ ਕਾਨਫਰੰਸ ਵਿੱਚ ਦੋਸ਼ ਲਾਏ, ਅਧਿਕਾਰੀਆਂ ਨੇ ਨਕਾਰੇ

ਨਵੀਂ ਦਿੱਲੀ, 8 ਜੁਲਾਈ (ਪੋਸਟ ਬਿਊਰੋ)- ਹਿਰਾਸਤ ਵਿੱਚ ਮੌਤ ਦੇ ਸਾਲ 1990 ਦੇ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਾਬਕਾ ਆਈ ਪੀ ਐੱਸ ਅਧਿਕਾਰੀ ਸੰਜੀਵ ਭੱਟ ਦੀ ਪਤਨੀ ਨੇ ਕੱਲ੍ਹ ਦਾਅਵਾ ਕੀਤਾ ਕਿ ਉਸ ਦੇ ਪਤੀ ਨੂੰ ਸਿਆਸੀ ਕਿੜ ਦਾ ਸ਼ਿਕਾਰ ਬਣਾਇਆ ਗਿਆ ਹੈ ਅਤੇ ਉਸ ਦੀ ਜਾਨ ਨੂੰ ਖਤਰਾ ਹੈ। ਦੂਜੇ ਪਾਸੇ ਸਰਕਾਰੀ ਸੂਤਰਾਂ ਨੇ ਇਸ ਤਰ੍ਹਾ ਦੇ ਸਾਰੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ।




ਪ੍ਰੈਸ ਕਾਨਫਰੰਸ ਦੌਰਾਨ ਸੰਜੀਵ ਭੱਟ ਦੀ ਪਤਨੀ ਸ਼ਵੇਤਾ ਭੱਟ ਤੇ ਹੋਰ।

ਕੱਲ੍ਹ ਇਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼ਵੇਤਾ ਭੱਟ ਨੇ ਕਿਹਾ ਕਿ ਸੰਜੀਵ ਭੱਟ ਨੂੰ ਦੋਸ਼ੀ ਠਹਿਰਾਉਣ ਦੇ ਬਾਅਦ ਤੋਂ ਉਸ ਦੇ ਪਰਵਾਰ ਨੇ ਭਾਰੀ ਦੁੱਖ ਹੰਢਾਇਆ ਹੈ ਅਤੇ ਇਸ ਫੈਸਲੇ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਤੋੜ ਦਿੱਤਾ ਹੈ। ਇਸ ਬਾਰੇ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਉਹ ਬੇਬੁਨਿਆਦ ਤੇ ਝੂਠੇ ਦੋਸ਼ ਲਾ ਰਹੀ ਹੈ ਤੇ ਇਸ ਕੇਸ ਦੀ ਨਿਰਪੱਖ ਸੁਣਵਾਈ ਨਾ ਹੋਣ ਦਾ ਝੂਠਾ ਪ੍ਰਭਾਵ ਬਣਾ ਰਹੀ ਹੈ। ਇਹ ਕੇਸ ਪ੍ਰਭੂਦਾਸ ਵੈਸ਼ਨਾਨੀ ਦੀ ਹਿਰਾ-ਸਤ ਵਿੱਚ ਹੋਈ ਮੌਤ ਨਾਲ ਸੰਬੰਧਤ ਹੈ, ਜਿਸ ਨੂੰ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੀ ਰੱਥ ਯਾਤਰਾ ਦੇ ਦੌਰਾਨ ਬੰਦ ਦੇ ਸੱਦੇ ਵੇਲੇ ਹੋਏ ਦੰਗਿਆਂ ਤੋਂ ਬਾਅਦ ਜਾਮਨਗਰ ਪੁਲਸ ਨੇ 133 ਲੋਕਾਂ ਨਾਲ ਗ੍ਰਿਫਤਾਰ ਕੀਤਾ ਸੀ। ਸ਼ਵੇਤਾ ਨੇ ਕਿਹਾ ਕਿ ਉਸ ਦੇ ਪਤੀ ਨੇ ਕਿਸੇ ਨੂੰ ਨਾ ਗ੍ਰਿਫਤਾਰ ਕੀਤਾ ਤੇ ਨਾ ਹਿਰਾਸਤ ਵਿੱਚ ਲਿਆ, ਕਿਉਂਕਿ ਉਸ ਕੋਲ ਏਦਾਂ ਕਰਨ ਦੀ ਸ਼ਕਤੀ ਨਹੀਂ ਸੀ ਅਤੇ ਪ੍ਰਭੂਦਾਸ ਦੀ ਮੌਤ ਹਿਰਾਸਤ ਵਿੱਚ ਲੈਣ ਦੇ 18 ਦਿਨਾਂ ਪਿੱਛੋਂ ਹੋਈ ਸੀ। ਉਸ ਨੇ ਦਾਅਵਾ ਕੀਤਾ ਕਿ ਹਿਰਾਸਤ ਵਿੱਚ ਤਸ਼ੱਦਦ ਦੀ ਸ਼ਿਕਾਇਤ ਪ੍ਰਭੂ ਦਾਸ ਦੇ ਪਰਵਾਰ ਨੇ ਨਹੀਂ, ਵਿਸ਼ਵ ਪ੍ਰੀਸ਼ਦ ਦੇ ਮੈਂਬਰ ਅਮਰੁਤ ਲਾਲ ਮਡਜਾਵਜੀ ਵੈਸ਼ਨਾਨੀ ਨੇ ਕੀਤੀ ਸੀ। ਸ਼ਵੇਤਾ ਨੇ ਕਿਹਾ ਕਿ ਮੁੰਬਈ ਪੁਲਸ ਐਕਟ ਦੀ ਧਾਰਾ 161 ਹੇਠ ਇੱਕ ਸਰਕਾਰੀ ਅਧਿਕਾਰੀ ਖਿਲਾਫ ਕਿਸੇ ਅਪਰਾਧ ਲਈ ਇੱਕ ਦੋ ਸਾਲਾਂ ਵਿੱਚ ਹੀ ਕੇਸ ਚਲਾਇਆ ਜਾ ਸਕਦਾ ਹੈ, 23 ਸਾਲਾਂ ਬਾਅਦ ਨਹੀਂ। ਦੂਜਾ ਧਾਰਾ 197 ਹੇਠ ਉਸ ਅਧਿਕਾਰੀ ਦੇ ਖਿਲਾਫ ਕੇਸ ਚਲਾਉਣ ਲਈ ਸਰਕਾਰ ਦੀ ਮਨਜ਼ੂਰੀ ਦੀ ਲੋੜ ਹੁੰਦੀ ਹੈ। ਸਰਕਾਰ ਨੇ ਸੰਜੀਵ ਭੱਟ ਖਿਲਾਫ ਕੇਸ ਚਲਾਉਣ ਦੀ ਇਜਾਜ਼ਤ ਨਹੀਂ ਦਿੱਤੀ, ਇਸ ਦੇ ਬਾਵਜੂਦ ਉਸ ਉੱਤੇ ਕੇਸ ਚਲਾਇਆ ਗਿਆ। ਉਸ ਨੇ ਦੋਸ਼ ਲਾਇਆ ਕਿ 300 ਗਵਾਹਾਂ ਦੀ ਥਾਂ ਸਿਰਫ 32 ਦੇ ਬਿਆਨ ਲਏ ਗਏ ਤੇ ਬਚਾਅ ਪੱਖ ਨੂੰ ਸਵਾਲ ਪੁੱਛਣ ਦੀ ਇਜਾਜ਼ਤ ਤੱਕ ਨਹੀਂ ਦਿੱਤੀ ਗਈ। ਸ਼ਵੇਤਾ ਨੇ ਇਹ ਵੀ ਦੋਸ਼ ਲਾਇਆ ਕਿ ਉਸ ਦੀ ਜਾਨ ਨੂੰ ਖਤਰਾ ਹੈ। ਉਸ ਨੇ ਕਿਹਾ ਕਿ ਇਸ ਸਭ ਤੋਂ ਡਰਨ ਵਾਲੀ ਨਹੀਂ ਹੈ। ਉਹ ਨਿਆਂ ਲਈ ਲੜਦੀ ਰਹੇਗੀ। ਕੱਲ੍ਹ ਪਰਵਾਰ ਫੈਸਲੇ ਖਿਲਾਫ ਗੁਜਰਾਤ ਹਾਈ ਕੋਰਟ ਜਾਏਗਾ।

# ਈਰਾਨ ਤੋਂ ਭਾਰਤ ਨੂੰ ਤੇਲ ਦੀ ਦਰਾਮਦ ਬੰਦ ਨਹੀਂ ਹੋਈ

ਨਵੀਂ ਦਿੱਲੀ, 8 ਜੁਲਾਈ (ਪੋਸਟ ਬਿਊਰੋ)- ਅਮਰੀਕਾ ਵੱਲੋਂ ਲਾਈ ਪਾਬੰਦੀ ਦੇ ਬਾਵਜੂਦ ਭਾਰਤ ਈਰਾਨ ਤੋਂ ਤੇਲ ਲੈਂਦਾ ਰਹੇਗਾ। ਇਹ ਗੱਲ ਵਿਦੇਸ਼ ਰਾਜ ਮੰਤਰੀ ਵੀ ਮੁਰਲੀਧਰਨ ਨੇ ਰਾਜ ਸਭਾ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਕਹੀ ਹੈ। ਉਨ੍ਹਾਂ ਈਰਾਨ ਤੋਂ ਤੇਲ ਲੈਣ ਸਮੇਤ ਹਰ ਤਰ੍ਹਾਂ ਦੇ ਵਪਾਰ ਨੂੰ ਬੰਦ ਕਰਨ ਤੋਂ ਮਨ੍ਹਾ ਕਰ ਦਿੱਤਾ ਹੈ।



ਇੱਕ ਅੰਗਰੇਜ਼ੀ ਅਖਬਾਰ ਦੀ ਰਿਪੋਰਟ ਮੁਤਾਬਕ ਅਮਰੀਕਾ ਜਾਂ ਕਿਸੇ ਹੋਰ ਦੇਸ਼ ਤੋਂ ਸਰਕਾਰ 'ਤੇ ਕੋਈ ਦਬਾਅ ਹੈ ਜਾਂ ਨਹੀਂ, ਇਸ 'ਤੇ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਏਂਟੋ ਐਂਟਨੀ ਦੇ ਸਵਾਲ 'ਤੇ ਮੁਰਲੀਧ੍ਰਨ ਨੇ ਕਿਹਾ ਕਿ ਈਰਾਨ ਨਾਲ ਭਾਰਤ ਦੇ ਦੋਵੱਲੇ ਸੰਬੰਧ ਆਪਣੇ ਦਮ 'ਤੇ ਖੜ੍ਹੇ ਹਨ ਅਤੇ ਭਾਰਤ ਕਿਸੇ ਤੀਜੇ ਦੇਸ਼ ਦੇ ਦਬਾਅ ਤੋਂ ਪ੍ਰਭਾਵਤ ਨਹੀਂ। ਉਨ੍ਹਾਂ ਦਾ ਇਹ ਬਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਸ ਬਿਆਨ ਦੇ ਬਿਲਕੁਲ ਉਲਟ ਹੈ, ਜਿਸ 'ਚ ਉਨ੍ਹਾਂ ਕਿਹਾ ਸੀ ਕਿ ਈਰਾਨ ਤੋਂ ਭਾਰਤ ਨੂੰ ਹੋਣ ਵਾਲੀ ਤੇਲ ਦੀ ਇੰਪੋਰਟ ਬਿਲਕੁਲ ਰੋਕ ਦਿੱਤੀ ਗਈ ਹੈ। ਮੰਤਰੀ ਦਾ ਇਹ ਜਵਾਬ ਭਾਰਤ ਦੀ ਰਵਾਇਤੀ ਸਥਿਤੀ ਨੂੰ ਦਰਸਾਉਂਦਾ ਹੈ, ਪਰ ਪਿਛਲੇ ਹਫਤੇ ਜੀ-20 ਵਿੱਚ ਪ੍ਰਧਾਨ ਮੰਤਰੀ ਮੋਦੀ ਵੱਲੋਂ ਲਏ ਗਏ ਸਟੈਂਡ ਤੋਂ ਕਾਫੀ ਵੱਖ ਹੈ। ਪ੍ਰਧਾਨ ਮਤਰੀ ਨਰਿੰਦਰ ਮੋਦੀ ਨੇ ਟਰੰਪ ਨੂੰ ਦੱਸਿਆ ਸੀ ਕਿ ਨਵੀਂ ਦਿੱਲੀ ਨੇ ਅਸਲ ਵਿੱਚ ਵਾਸ਼ਿੰਗਟਨ ਦੀ ਅਪੀਲ ਅਨੁਸਾਰ ਈਰਾਨੀ ਤੇਲ ਲੈਣਾ ਘੱਟ ਕਰ ਦਿੱਤਾ ਸੀ ਤੇ ਦੋ ਮਈ ਤੋਂ ਬਾਅਦ ਈਰਾਨੀ ਤੇਲ ਦੀ ਆਮਦ ਸਿਫਰ ਹੋ ਗਈ। ਵੱਖ ਵੱਖ ਮੱਦਾਂ ਬਾਰੇ ਪੁੱਛੇ ਜਾਣ 'ਤੇ ਇੱਕ ਉਚ ਅਧਿਕਾਰੀ ਨੇ ਕਿਹਾ ਕਿ ਪੈਟਰੋਲੀਅਮ ਮੰਤਰਾਲਾ ਇਸ ਗੱਲ ਦੀ ਪੁਸ਼ਟੀ ਕਰ ਸਕਦਾ ਹੈ ਕਿ ਈਰਾਨੀ ਤੇਲ ਲੈਣ ਦਾ ਪੱਧਰ ਅਸਲ ਵਿੱਚ ਡਿੱਗਿਆ ਸੀ, ਪਰ ਤੇਲ ਦਰਾਮਦ ਘੱਟ ਕਰਨ ਦਾ ਫੈਸਲਾ ਕਮਰਸ਼ੀਅਲ ਵਿਚਾਰਾਂ ਅਤੇ ਰਾਸ਼ਟਰੀ ਹਿੱਤ 'ਤੇ ਆਧਾਰਤ ਸੀ। ਉਦਯੋਗ ਦੇ ਸੂਤਰਾਂ ਅਨੁਸਾਰ ਭਾਰਤੀ ਕੰਪਨੀਆਂ ਨੇ ਦੋ ਮਈ ਤੋਂ ਈਰਾਨ ਨੂੰ ਤੇਲ ਲਈ ਕੋਈ ਨਵਾਂ ਆਰਡਰ ਨਹੀਂ ਦਿੱਤਾ। ਮਈ 2018 ਵਿੱਚ ਜਦੋਂ ਅਮਰੀਕਾ ਨੇ ਪਹਿਲੀ ਵਾਰ ਪਾਬੰਦੀਆਂ ਦਾ ਐਲਾਨ ਕੀਤਾ, ਓਦੋਂ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਸੀ ਕਿ ਭਾਰਤ ਅਮਰੀਕਾ ਵੱਲੋਂ ਇਕਪਾਸੜ ਪਾਬੰਦੀਆਂ ਦੀ ਪਾਲਣਾ ਨਹੀਂ ਕਰੇਗਾ ਅਤੇ ਸਿਰਫ ਯੂ ਐੱਨ ਦੀਆਂ ਪਾਬੰਦੀਆਂ ਦੀ ਪਾਲਣਾ ਕਰੇਗਾ।

# ਚੰਗੇ ਰੁਜ਼ਗਾਰ ਪੱਖੋਂ ਭਾਰਤ ਦੇ ਹਾਲਾਤ ਪਾਕਿ ਨਾਲੋਂ ਵੀ ਮਾੜੇ

ਨਵੀਂ ਦਿੱਲੀ, 8 ਜੁਲਾਈ (ਪੋਸਟ ਬਿਊਰੋ)- ਭਾਰਤ ਵਿੱਚ ਬੇਰੁਜ਼ਗਾਰੀ ਦਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਰੁਜ਼ਗਾਰ ਦੇ ਨਵੇਂ ਮੌਕਿਆਂ ਦੀ ਕਮੀ ਹੈ, ਪਰ ਜਿਨ੍ਹਾਂ ਕੋਲ ਰੁਜ਼ਗਾਰ ਹੈ, ਉਨ੍ਹਾਂ ਵਿੱਚੋਂ ਵੱਡੀ ਗਿਣਤੀ ਅਜਿਹੇ ਲੋਕਾਂ ਦੀ ਹੈ ਕਿ ਉਹ ਚੰਗੀ ਜਾਂ ਸਰਕਾਰੀ ਨੌਕਰੀ ਨਹੀਂ ਕਰ ਰਹੇ।

ਅੰਤਰਰਾਸ਼ਟਰੀ ਲੇਬਰ ਸੰਗਠਨ ਦੇ ਮੁਤਾਬਕ ਚੰਗੇ ਰੁਜ਼ਗਾਰ ਦੇ ਮਾਮਲੇ ਵਿੱਚ ਭਾਰਤ ਦੀ ਹਾਲਤ ਘੱਟ ਵਿਕ-ਸਿਤ ਦੇਸ਼ਾਂ ਤੋਂ ਵੀ ਖਰਾਬ ਹੈ। ਲੇਬਰ ਫੋਰਸ ਵਿੱਚ ਤਨਖਾਹ ਅਤੇ ਮਜ਼ਦੂਰੀ ਲੈਣ ਵਾਲੇ ਕਰਮਚਾਰੀ ਅਮਰੀਕਾ ਵਿੱਚ 93.8, ਬਰਾਜ਼ੀਲ ਵਿੱਚ 67.7, ਚੀਨ 53.1, ਬੰਗਲਾ ਦੇਸ਼ 40.1, ਪਾਕਿਸਤਾਨ 39.4, ਭੂਟਾਨ 28.5, ਭਾਰਤ 21.7 ਅਤੇ ਨੇਪਾਲ 19.6 ਹੈ। ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ ਮੁਤਾਬਕ ਦੇਸ਼ ਵਿੱਚ ਕਿਰਤੀ ਵਰਗ ਦੇ ਜਿੰਨੇ ਵੱਧ ਹਿੱਸਿਆਂ ਨੂੰ ਤਨਖਾਹ ਮਿਲਦੀ ਹੈ, ਉਹ ਓਨੀ ਚੰਗੀ ਮੰਨੀ ਜਾਂਦੀ ਹੈ, ਪਰ ਚੰਗੇ ਰੁਜ਼ਗਾਰ ਦੇ ਪੱਖੋਂ ਭਾਰਤ ਦਾ ਰਿਕਾਰਡ ਪਾਕਿਸਤਾਨ ਅਤੇ ਬੰਗਲਾ ਦੇਸ਼ ਤੋਂ ਵੀ ਖਰਾਬ ਹੈ। ਜ਼ਿਆਦਾ ਦੇਸ਼ਾਂ ਦੀ ਤੁਲਨਾ ਵਿੱਚ ਭਾਰਤ ਦੀ ਕੁੱਲ ਲੇਬਰ ਫੋਰਸ ਵਿੱਚ ਤਨਖਾਹ ਅਤੇ ਮਜ਼ਦੂਰੀ ਲੈਣ ਲਈ ਵਰਕਰਾਂ ਦੀ ਹਿੱਸੇਦਾਰੀ ਕਾਫੀ ਘੱਟ ਹੈ। ਇਸ ਵਿੱਚ 2010 ਤੋਂ ਬਾਅਦ ਥੋੜ੍ਹਾ ਸੁਧਾਰ ਹੋਇਆ ਹੈ, ਪਰ ਚੀਨ ਦੇ ਮੁਕਾਬਲੇ ਇਸ ਦੀ ਸਥਿਤੀ ਕਾਫੀ ਕਮਜ਼ੋਰ ਹੈ। ਚੀਨ ਵਿੱਚ ਫਾਰਮਲ ਸੈਕਟਰ ਦੇ ਕਾਮਿਆਂ ਦੀ ਹਿੱਸੇਦਾਰੀ ਪੰਜਾਹ ਫੀਸਦੀ ਤੋਂ ਵੱਧ ਹੈ। ਆਈ ਐਲ ਓ ਦੀ ਪਰਿਭਾਸ਼ਾ ਮੁਤਾਬਕ ਚੰਗੀ ਨੌਕਰੀ ਮਾਣ ਸਨਮਾਨ, ਬਰਾਬਰੀ, ਸਹੀ ਆਮਦਨ ਅਤੇ ਨੌਕਰੀ ਦੀ ਸੁਰੱਖਿਆ ਸ਼ਾਮਲ ਹੈ। ਲੇਬਰ ਫੋਰਸ ਵਿੱਚ ਮਜ਼ਦੂਰੀ ਤੇ ਤਨਖਾਹ ਲੈਣ ਵਾਲੇ ਲੋਕਾਂ ਦੀ ਗਿਣਤੀ ਜਿੰਨੀ ਵੱਧ ਹੋਵੇਗੀ, ਰੁਜ਼ਗਾਰ ਨੂੰ ਓਨਾ ਹੀ ਚੰਗਾ ਮੰਨਿਆ ਜਾਵੇਗਾ। ਇਸ ਹਿਸਾਬ ਨਾਲ ਕਰਮਚਾਰੀ ਨੂੰ ਜਿੰਨਾ ਪੈਸਾ ਦੇਣ ਦਾ ਇਕਰਾਰਨਾਮਾ ਹੁੰਦਾ ਹੈ, ਉਸ ਦੀ ਪਾਲਣਾ ਹੋਵੇ। ਇਸ ਦਾ ਉਸ ਯੂਨਿਟ ਦੇ ਮਾਲੀਏ ਨਾਲ ਕੋਈ ਸੰਬੰਧ ਨਹੀਂ ਹੈ ਜਿਸ ਲਈ ਉਹ ਕੰਮ ਕਰ ਰਿਹਾ ਹੈ। ਨੈਸ਼ਨਲ ਸੈਂਪਲ ਸਰਵੇ ਆਫਿਸ ਦੇ ਤਾਜ਼ਾ ਸਰਵੇਖਣ ਵਿੱਚ ਕਿਹਾ ਗਿਆ ਸੀ ਕਿ 2017-18 ਦੌਰਾਨ ਭਾਰਤ ਵਿੱਚ ਬੇਰੁਜ਼ਗਾਰੀ ਦਰ ਬੀਤੇ 45 ਸਾਲਾਂ ਵਿੱਚ ਸਭ ਤੋਂ ਜ਼ਿਆਦਾ ਰਹੀ। ਭਾਰਤ ਵਿੱਚ ਮੋਦੀ ਸਰਕਾਰ ਨੂੰ ਰੁਜ਼ਗਾਰ ਪੈਦਾ ਕਰਨ ਵਿੱਚ ਨਾਕਾਮ ਰਹਿਣ ਲਈ ਘੇਰਿਆ ਜਾ ਰਿਹਾ ਹੈ।

# ਕੈਂਸਰ ਦੇ ਮਰੀਜ਼ਾਂ ਨੂੰ ਹਾਦਸੇ ਵਿੱਚ ਮਰੇ ਦੱਸ ਕੇ ਬੀਮਾ ਰਕਮ ਲੈਣ ਦਾ ਪਰਦਾ ਫਾਸ਼

ਹਿਸਾਰ, 8 ਜੁਲਾਈ (ਪੋਸਟ ਬਿਊਰੋ)- ਕੈਂਸਰ ਵਰਗੀ ਗੰਭੀਰ ਬਿਮਾਰੀ ਨਾਲ ਹੋਈ ਮੌਤ ਨੂੰ ਸੜਕ ਹਾਦਸਾ ਦੱਸਣ ਲਈ ਗਿਰੋਹ ਦੇ ਮੈਂਬਰ ਡਾਕਟਰਾਂ ਨੂੰ 1.50 ਲੱਖ ਅਤੇ ਜਾਂਚ ਅਧਿਕਾਰੀ ਨੂੰ 50-60 ਹਜ਼ਾਰ ਰੁਪਏ ਕਮਿਸ਼ਨ ਦਿੰਦੇ ਸਨ। ਇਹ ਗੱਲ ਸਪੈਸ਼ਟ ਟਾਸਕ ਫੋਰਸ (ਐੱਸ ਟੀ ਐੱਫ) ਦੀ ਜਾਂਚ ਵਿੱਚ ਸਾਹਮਣੇ ਆਈ ਹੈ।




ਇਸ ਬਾਰੇ ਪਤਾ ਲੱਗਾ ਹੈ ਕਿ ਪੁਲਸ ਦੇ ਮੁਲਾਜ਼ਮ ਅਤੇ ਗਿਰੋਹ ਦੇ ਮੈਂਬਰ ਮਿਲ ਕੇ ਤੈਅ ਕਰਦੇ ਸਨ ਕਿ ਗੰਭੀਰ ਬਿਮਾਰੀ ਨਾਲ ਮਰੇ ਵਿਅਕਤੀ ਦੀ ਮੌਤ ਕਿਸੇ ਅਣਪਛਾਤੇ ਵਾਹਨ ਦੀ ਲਪੇਟ ਵਿੱਚ ਆਉਣ ਜਾਂ ਪਸ਼ੂ ਨਾਲ ਵਾਹਨ ਟੱਕਰ ਵਾਲੀ ਬਣਾਈ ਜਾਵੇ। ਇਸ ਦਾ ਬੀਮਾ ਕਲੇਮ ਪਾਸ ਹੋਣ ਵਿੱਚ ਕੋਈ ਅੜਚਣ ਨਾ ਹੋਵੇ, ਉਸ ਲਈ ਫਰਜ਼ੀ ਵਾਹਨ ਜ਼ਬਤ ਕਰਦੇ ਅਤੇ ਫਰਜ਼ੀ ਵਿਅਕਤੀ ਨੂੰ ਦੋਸ਼ੀ ਚਾਲਕ ਬਣਾ ਕੇ ਗ੍ਰਿਫਤਾਰ ਕਰਾਉਂਦੇ ਸਨ। ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਜਿਸ ਕੇਸ ਵਿੱਚ ਐਫ ਆਈ ਆਰ ਦਰਜ਼ ਹੋਣੀ ਹੈ, ਉਸ ਵਿੱਚ ਜ਼ਮਾਨਤ ਆਸਾਨੀ ਨਾਲ ਮਿਲ ਜਾਏਗੀ। ਜਦ ਤੱਕ ਫੈਸਲਾ ਆਉਂਦਾ, ਤਦ ਤੱਕ ਬੀਮਾ ਕਲੇਮ ਮਿਲ ਜਾਂਦਾ ਸੀ ਅਤੇ ਕੇਸ ਵਿੱਚ ਸੈਟਲਮੈਂਟ ਹੋ ਜਾਂਦੀ ਸੀ। ਐੱਸ ਟੀ ਐੱਫ ਜਾਂਚ ਵਿੱਚ ਖੁਲਾਸਾ ਹੋਇਆ ਕਿ ਹਸਪਤਾਲ ਦੇ ਬਾਹਰ ਗੱਡੀ ਵਿੱਚ ਬੈਠ ਕੇ ਗਿਰੋਹ ਦੇ ਮੈਂਬਰ ਆਪਣਾ ਖ਼ੂਨ ਕੱਢ ਕੇ ਲਾਸ਼ ਦੇ ਨੱਕ ਤੇ ਕੰਨ ਵਿੱਚ ਪਾ ਦਿੰਦੇ ਸਨ। ਤਾਜ਼ਾ ਖ਼ੂਨ ਹੋਣ ਨਾਲ ਸਿਰ ਵਿੱਚ ਅੰਦਰੂਨੀ ਗੰਭੀਰ ਸੱਟਣ ਨਾਲ ਮੌਤ ਕਰਾਰ ਦੇਣਾ ਆਸਾਨ ਹੋ ਜਾਂਦਾ ਸੀ। ਡਾਕਟਰ ਤੇ ਪੁਲਸ ਮੁਲਾਜ਼ਮ ਵੱਲੋਂ ਝੂਠੀ ਕਾਰਵਾਈ ਕਰਾ ਕੇ ਪੋਸਟਮ-'ਰਟਮ ਬਣਾ ਦਿੱਤਾ ਜਾਂਦਾ ਸੀ।




# ਹਰਿਆਣਾ ਵਿੱਚ ਗੋਲੀਆਂ ਮਾਰ ਕੇ ਡਾਕਟਰ ਦੀ ਹੱਤਿਆ



ਕਰਨਾਲ, 8 ਜੁਲਾਈ (ਪੋਸਟ ਬਿਊਰੋ)- ਹਰਿਆਣਾ ਦੇ ਕਰਨਾਲ ਵਿੱਚ ਮੋਟਰ ਸਾਈਕਲ ਸਵਾਰ ਤਿੰਨ ਜਣਿਆਂ ਨੇ ਇੱਕ 56 ਸਾਲਾ ਡਾਕਟਰ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਹੈ। ਇਸ ਕੇਸ ਵਿੱਚ ਇੱਕ ਸਾਬਕਾ ਕਰਮਚਾਰੀ ਜਿਸ ਨੂੰ ਡਾਕਟਰ ਨੇ ਹਸਪਤਾਲ 'ਚੋਂ ਕੱਢ ਦਿੱਤਾ ਸੀ, ਸਮੇਤ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਪੁਲਸ ਨੇ ਦੱਸਿਆ ਰਾਜੀਵ ਗੁਪਤਾ, ਜੋ ਇੱਕ ਹਸਪਤਾਲ ਦਾ ਮਾਲਕ ਸੀ, ਨੂੰ ਕੱਲ੍ਹ ਓਦੋਂ ਗੋਲੀਆਂ ਮਾਰ ਦਿੱਤੀਆਂ ਗਈਆਂ, ਜਦੋਂ ਉਹ ਆਪਣੇ ਡਰਾਈਵਰ ਨਾਲ ਕਾਰ ਰਾਹੀਂ ਚੌੜਾ ਬਾਜ਼ਾਰ ਨੂੰ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਹਸਪਤਾਲ ਵਿੱਚ ਜ਼ਖਮਾਂ ਦੀ ਤਾਬ ਨਾ ਸਹਾਰਦਿਆਂ ਉਹ ਦਮ ਤੋੜ ਗਿਆ। ਪੁਲਸ ਨੇ ਦੱਸਿਆ ਕਿ ਤਿੰਨ ਹਮਲਾਵਰਾਂ, ਜਿਨ੍ਹਾਂ ਆਪਣੇ ਮੂੰਹ ਢੱਕੇ ਹੋਏ ਸਨ, ਨੇ ਆਪਣਾ ਮੋਟਰ ਸਾਈਕਲ ਡਾਕਟਰ ਦੀ ਐੱਸ ਯੂ ਵੀ ਗੱਡੀ ਅੱਗੇ ਰੋਕਿਆ ਅਤੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਦੋ ਗੋਲੀਆਂ ਡਾਕਟਰ ਗੁਪਤਾ ਨੂੰ ਲੱਗੀਆਂ ਤੇ ਹਸਪਤਾਲ ਵਿੱਚ ਉਹ ਦਮ ਤੋੜ ਗਏ। ਇੱਕ ਅਧਿਕਾਰੀ ਨੇ ਦੱਸਿਆ ਕਿ ਕਤਲ ਦੇ ਮੁੱਖ ਦੋਸ਼ੀ ਪਵਨ ਤੇ ਉਸ ਦੇ ਦੋ ਸਾਥੀਆਂ ਰਮਨ ਤੇ ਸ਼ਿਵ ਕੁਮਾਰ ਨੂੰ ਹਰਿਆਣਾ-ਉੱਤਰ ਪ੍ਰਦੇਸ਼ ਸਰਹੱਦ ਤੋਂ ਫੜਿਆ ਗਿਆ ਹੈ। ਪਤਾ ਲੱਗਾ ਹੈ ਕਿ ਪਵਨ ਏਸੇ ਡਾਕਟਰ ਦੇ ਹਸਪਤਾਲ ਵਿੱਚ ਡਾਇਲਸਿਸ ਟੈਕਨੀਸ਼ੀਅਨ ਦਾ ਕੰਮ ਕਰਦਾ ਸੀ ਤੇ ਉਸ ਨੂੰ ਪਿਛਲੇ ਦਸੰਬਰ ਕੱਢ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਨੌਕਰੀ ਤੋਂ ਕੱਢੇ ਜਾਣ ਪਿੱਛੋਂ ਰੁਜ਼ਗਾਰ ਨਾ ਮਿਲਣ ਕਾਰਨ ਉਹ ਦੁਖੀ ਸੀ, ਕਿਉਂਕਿ ਡਾਕਟਰ ਦੇ ਪ੍ਰਭਾਵ ਕਾਰਨ ਉਸ ਨੂੰ ਕਿਤੇ ਨੌਕਰੀ ਨਹੀਂ ਸੀ ਮਿਲੀ। ਪੁਲਸ ਨੇ ਉਸ ਕੋਲੋਂ 32 ਬੋਰ ਦੀ ਦੇਸੀ ਗੰਨ ਵੀ ਬਰਾਮਦ ਕੀਤੀ ਹੈ। ਡੀ ਜੀ ਪੀ ਮਨੋਜ ਯਾਦਵ ਵੀ ਇਸ ਅਪਰਾਧਕ ਘਟਨਾ ਦੀ ਪੜਤਾਲ ਕਰ ਰਹੇ ਹਨ।

# ਗਹਿਲੋਤ ਸਰਕਾਰ ਪਹਿਲੂ ਖਾਨ ਕੇਸ ਦੀ ਦੋਬਾਰਾ ਜਾਂਚ ਕਰਾਏਗੀ

ਜੈਪੁਰ, 8 ਜੁਲਾਈ (ਪੋਸਟ ਬਿਊਰੋ)- ਭੜਕੀ ਹੋਈ ਭੀੜ ਦੀ ਹਿੰਸਾ ਵੱਲੋਂ (ਮਾਬ ਲਿਚਿੰਗ) ਵਿੱਚ ਮਾਰੇ ਗਏ ਪਹਿਲੂ ਖਾਨ ਦੇ ਕੇਸ ਦੀ ਰਾਜਸਥਾਨ ਸਰਕਾਰ ਦੋਬਾਰਾ ਜਾਂਚ ਕਰਾਏਗੀ। ਇਸ ਪਾਸੇ ਵਧਦੇ ਹੋਏ ਪੁਲਸ ਨੇ ਕੋਰਟ ਨੂੰ ਅਰਜ਼ੀ ਦਾਇਰ ਕਰ ਕੇ ਦੋਬਾਰਾ ਜਾਂਚ ਕਰਨ ਦੀ ਜ਼ਰੂਰਤ ਦੱਸੀ ਹੈ।

ਅਲਵਰ ਦੇ ਐੱਸ ਪੀ ਦੇਸ਼ਮੁਖ ਪਾਰਿਸ਼ ਅਨਿਲ ਨੇ ਦੱਸਿਆ ਕਿ ਪਹਿਲੂ ਖਾਨ ਦੇ ਦੋ ਪੁੱਤਰਾਂ ਇਰਸ਼ਾਦ ਤੇ ਆਰਿਫ ਨੇ ਡੀ ਜੀ ਪੀ ਦੇ ਸਾਹਮਣੇ ਪੇਸ਼ ਹੋ ਕੇ ਦੱਸਿਆ ਸੀ ਕਿ ਉਹ ਗਊਆਂ ਨੂੰ ਤਸਕਰੀ ਲਈ ਨਹੀਂ, ਬਲਕਿ ਅਲਵਰ ਜ਼ਿਲ੍ਹੇ ਦੇ ਟਪੂਕੜਾ ਵਿੱਚ ਆਪਣੇ ਰਿਸ਼ਤੇਦਾਰ ਦੇ ਕੋਲ ਵੇਚਣ ਲਈ ਲਿਜਾ ਰਹੇ ਸਨ। ਗਾਂ ਦੁਧਾਰੂ ਸੀ, ਇਸ ਲਈ ਗਊ ਤਸਕਰੀ ਦਾ ਮਾਮਲਾ ਨਹੀਂ ਸੀ ਬਣਦਾ। ਇਨ੍ਹਾਂ ਸਬੂਤਾਂ ਸਮੇਤ ਪਹਿਲੂ ਖਾਨ ਦੇ ਪੁੱਤਰਾਂ ਨੇ ਫਿਰ ਤੋਂ ਜਾਂਚ ਕਰਾਉਣ ਦੀ ਮੰਗ ਕੀਤੀ ਸੀ। ਇਸ ਉਤੇ ਬਹਿਰੋੜ ਪੁਲਸ ਨੇ ਵਧੀਕ ਜੁਡੀਸ਼ਲ ਮੈਜਿਸਟਰੇਟ ਦੀ ਕੋਰਟ ਵਿੱਚ ਪ੍ਰਾਰਥਨਾ ਪੱਤਰ ਪੇਸਲ ਕੀਤਾ ਅਤੇ ਪੰਜ ਸਬੂਤਾਂ ਉਤੇ ਦੋਬਾਰਾ ਜਾਂਚ ਕਰਨ ਦੀ ਇਜਾਜ਼ਤ ਮੰਗੀ ਹੈ। ਕੋਰਟ ਤੋਂ ਇਜਾਜ਼ਤ ਮਿਲਣ ਪਿੱਛੋਂ ਪੁਲਸ ਜਾਂਚ ਕਰ ਕੇ ਸਪਲੀਮੈਂਟਰੀ ਚਾਰਜਸ਼ੀਟ ਪੇਸ਼ ਕਰੇਗੀ। ਰਾਜ ਦੇ ਦੋ ਕੈਬਨਿਟ ਮੰਤਰੀਆਂ ਦਾ ਕਹਿਣਾ ਹੈ ਕਿ ਮੇਵ ਮੁਸਲਿਮ ਸਮਾਜ ਦੀ ਨਾਰਾਜ਼ਗੀ ਘੱਟ ਕਰਨ ਲਈ ਮੁੱਖ ਮੰਤਰੀ ਅਸ਼ੋਕ ਗਹਿਲੋਤ ਅਤੇ ਕਾਂਗਰਸ ਲੀਡਰਸ਼ਿਪ ਨੇ ਕਦਮ ਉਠਾਇਆ ਹੈ। ਮੰਤਰੀ ਮੰਡਲ ਵਿੱਚ ਜਗ੍ਹਾ ਨਾ ਮਿਲਣ ਤੋਂ ਮੇਵ ਸਮਾਜ ਕਾਂਗਰਸ ਤੋਂ ਪਹਿਲਾਂ ਤੋਂ ਹੀ ਨਾਰਾਜ ਚੱਲ ਰਿਹਾ ਹੈ।

ਕਾਂਗਰਸ ਵਿਧਾਇਕ ਸਾਫੀਆ ਜੁਬੇਰ ਤੇ ਜਾਹਿਦਾ ਸਮੇਤ ਕਈ ਮੁਸਲਿਮ ਖਾਸ ਕਰ ਕੇ ਮੇਵ ਸਮਾਜ ਦੇ ਕਾਂਗਰਸੀ ਨੇਤਾਵਾਂ ਨੇ ਪੁਲਸ ਦੀ ਚਾਰਜਸ਼ੀਟ ਵਿੱਚ ਪਹਿਲੂ ਖਾਨ ਨੂੰ ਗਊ ਤਸਕਰ ਦੱਸੇ ਜਾਣ 'ਤੇ ਨਾਰਾਜ਼ਗੀ ਜਾਹਰ ਕੀਤੀ ਸੀ ਅਤੇ ਕੇਸ ਹਾਈ ਕਮਾਨ ਤੱਕ ਪਹੁੰਚਿਆ ਸੀ। ਸਾਫੀਆ ਜੁਬੇਰ ਦਾ ਕਹਿਣਾ ਹੈ ਕਿ ਮੈਂ ਇਸ ਕੇਸ ਵਿੱਚ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਪੁਲਸ ਨੇ ਗਲਤ ਜਾਂਚ ਕਰ ਕੇ ਚਾਰਜਸ਼ੀਟ ਤਿਆਰ ਕੀਤੀ ਸੀ, ਇਸ ਲਈ ਫਿਰ ਤੋਂ ਜਾਂਚ ਕਰਾਈ ਜਾਏ। ਵਰਨਣ ਯੋਗ ਹੈ ਕਿ ਪੁਲਸ ਨੇ ਪਹਿਲੂ ਖਾਨ ਕੇਸ ਵਿੱਚ 24 ਮਈ ਨੂੰ ਗੁੱਪਚੁਪ ਢੰਗ ਨਾਲ ਚਾਰਜਸ਼ੀਟ ਪੇਸ਼ ਕੀਤੀ ਸੀ। ਇਸ ਵਿੱਚ ਪਹਿਲੂ ਤੇ ਇਸ ਦੇ ਦੋ ਪੁੱਤਰਾਂ ਅਤੇ ਟਰੱਕ ਚਾਲਕ ਨੂੰ ਗਊ ਤਸਕਰੀ ਦਾ ਦੋਸ਼ੀ ਬਣਾਇਆ ਸੀ। ਪੁਲਸ ਨੇ ਪਹਿਲੂ ਨੂੰ ਰਾਜਸਥਾਨ ਬੋਵਾਈਨ ਐਨੀਲ ਐਕਟ 1995 ਦੀ ਧਾਰਾ 5, 8 ਅਤੇ 9 ਦਾ ਦੋਸ਼ੀ ਬਣਾਇਆ ਸੀ। ਪਹਿਲੂ ਖਾਨ ਦੀ ਅਲਵਰ ਦੇ ਬਹਿਰੋੜ ਇਲਾਕੇ ਵਿੱਚ ਅਪ੍ਰੈਲ 2017 ਵਿੱਚ ਗਊ ਰੱਖਿਅਕਾਂ ਨੇ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਸੀ।

# ਅੱਜ ਆਲੋਚਨਾ ਕਰਨਾ ਵੀ ਦੇਸ਼-ਵਿਰੋਧੀ ਹੋ ਗਿਐ: ਸ਼ਬਾਨਾ ਆਜ਼ਮੀ

ਮੁੰਬਈ, 8 ਜੁਲਾਈ (ਪੋਸਟ ਬਿਊਰੋ)- ਮਸ਼ਹੂਰ ਫਿਲਮ ਅਦਾਕ-ਾਰਾ ਸ਼ਬਾਨਾ ਆਜ਼ਮੀ ਨੇ ਕੇਂਦਰ ਦੀ ਮੋਦੀ ਸਰਕਾਰ ਨੂੰ ਨਿਸ਼ਾਨਾ ਲਾਉਂਦਿਆਂ ਕਿਹਾ ਕਿ ਸਰਕਾਰ ਦੀ ਆਲੋਚਨਾ ਕਰਨਾ ਵੀ ਦੇਸ਼ ਵਿਰੋਧੀ ਹੋ ਗਿਆ ਹੈ।



ਇਥੇ ਇੱਕ ਸਮਾਗਮ ਵਿੱਚ ਸ਼ਬਾਨਾ ਆਜ਼ਮੀ ਨੇ ਕਿਹਾ ਕਿ ਮਾਹੌਲ ਕੁਝ ਇਸ ਤਰ੍ਹਾਂ ਦਾ ਬਣਾਇਆ ਜਾ ਰਿਹਾ ਹੈ ਕਿ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ ਨੂੰ ਤੁਰੰਤ ਦੇਸ਼ ਵਿਰੋਧੀ ਕਰਾਰ ਦੇ ਦਿੱਤਾ ਜਾਂਦਾ ਹੈ। ਇਸ ਮੌਕੇ ਉਨ੍ਹਾ ਦੇਸ਼ ਦੀਆਂ ਕਮੀਆਂ ਨੂੰ ਦੂਰ ਕਰਨ ਲਈ ਇਨ੍ਹਾਂ ਨੂੰ ਸਾਹਮਣੇ ਲਿਆਉਣ ਦੀ ਲੋੜ 'ਤੇ ਜ਼ੋਰ ਦਿੱਤਾ। ਸ਼ਬਾਨਾ ਆਜ਼ਮੀ ਨੇ ਇਸ ਸਮਾਗਮ ਵਿੱਚ ਕਿਹਾ, ਸਾਡੇ ਦੇਸ਼ ਦੀ ਚੰਗਿਆਈ ਲਈ ਜ਼ਰੂਰੀ ਹੈ ਕਿ ਅਸੀਂ ਇਨ੍ਹਾਂ ਬੁਰਾਈਆਂ ਬਾਰੇ ਬੋਲੀਏ। ਜੇ ਅਸੀਂ ਬੁਰਾਈਆਂ ਬਾਰੇ ਨਹੀਂ ਬੋਲਾਂਗੇ ਤਾਂ ਹਾਲਾਤ ਕਿਵੇਂ ਸੁਧਰਨਗੇ, ਪਰ ਵਾਤਵਰਣ ਅਜਿਹਾ ਬਣਦਾ ਜਾ ਰਿਹਾ ਹੈ ਕਿ ਜੇ ਤੁਸੀਂ ਖਾਸ ਕਰ ਸਰਕਾਰ ਦੀ ਆਲੋਚਨਾ ਕੀਤੀ ਤਾਂ ਤੁਹਾਨੂੰ ਝੱਟ ਦੇਸ਼ ਵਿਰੋਧੀ ਕਹਿ ਦਿੱਤਾ ਜਾਂਦਾ ਹੈ। ਅਸੀਂ ਇਸ ਤੋਂ ਡਰਨਾ ਨਹੀਂ ਅਤੇ ਨਾ ਕਿਸੇ ਦੇ ਸਰਟੀਫਿਕੇਟ ਦੀ ਲੋੜ ਹੈ। ਸ਼ਬਾਨਾ ਨੇ ਕਿਹਾ, ਅਸੀਂ ਮੌਜੂਦਾ ਹਾਲਾਤ ਅੱਗੇ ਗੋਡੇ ਨਹੀਂ ਟੇਕਾਂਗੇ। ਉਨ੍ਹਾਂ ਫਿਰਕਾਪ੍ਰਸਤੀ ਦਾ ਵਿਰੋਧ ਕਰਦਿਆਂ ਕਿਹਾ, ਹਿੰਦੁਸਤਾਨ ਖ਼ੂਬਸੂਰਤ ਮੁਲਕ ਹੈ। ਲੋਕਾਂ ਨੂੰ ਵੰਡਣ ਦੀ ਕੋਸ਼ਿਸ਼ ਇਸ ਦੇਸ਼ ਲਈ ਸਹੀ ਨਹੀਂ ਹੋ ਸਕਦੀ। ਉਨ੍ਹਾਂ ਇਹ ਵੀ ਕਿਹਾ ਕਿ ਫਿਰਕਾਪ੍ਰਸਤੀ ਅਤੇ ਦੰਗਿਆਂ ਕਾਰਨ ਸਭ ਤੋਂ ਜ਼ਿਆਦਾ ਤਕਲੀਫ ਔਰਤਾਂ ਨੂੰ ਹੁੰਦੀ ਹੈ। ਦੰਗਿਆਂ ਨਾਲ ਔਰਤ ਦਾ ਘਰ ਬਰਬਾਦ ਹੋ ਜਾਂਦਾ ਹੈ। ਉਸ ਦੇ ਬੱਚੇ ਬੇਘਰ ਹੋ ਜਾਂਦੇ ਹਨ।

ਇਸ ਸਮਾਗਮ ਵਿੱਚ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਦਿਗਵਿਜੇ ਸਿੰਘ ਵੀ ਮੌਜੂਦ ਸਨ। ਉਨ੍ਹਾਂ ਮੋਦੀ ਸਰਕਾਰ ਅਤੇ ਆਰ ਐੱਸ ਐੱਸ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਭਾਜਪਾ ਅਤੇ ਸੰਘ ਲੋਕਾਂ ਦੀ ਮਾਨਸਿਕਤਾ ਨੂੰ ਵਿਗਾੜ ਰਹੇ ਹਨ। ਉਨ੍ਹਾਂ ਕਿਹਾ ਕਿ ਭੀੜ ਦੁਆਰਾ ਹੱਤਿਆ ਦੀਆਂ ਘਟਨਾਵਾਂ ਵਧ ਰਹੀਆਂ ਹਨ।



## ਡਾਟਾ ਚੋਰੀ ਕੇਸ ਵਿੱਚ ਬ੍ਰਿਟਿਸ਼ ਏਅਰਵੇਜ਼ ਨੂੰ 23 ਕਰੋੜ ਡਾਲਰ ਜੁਰਮਾਨਾ

ਲੰਡਨ, 8 ਜੁਲਾਈ (ਪੋਸਟ ਬਿਊਰੋ)- ਡਾਟਾ ਚੋਰੀ ਕੇਸ ਵਿੱਚ ਬ੍ਰਿਟਿਸ਼ ਏਅਰਵੇਜ਼ ਨੂੰ ਰਿਕਾਰਡ ਜੁਰਮਾਨਾ ਕੀਤਾ ਗਿਆ ਹੈ। ਬ੍ਰਿਟੇਨ ਦੇ ਸੂਚਨਾ ਕਮਿਸ਼ਨ ਦਫ਼ਤਰ ਨੇ ਸੁਰੱਖਿਆ ਪ੍ਰਣਾਲੀ ਵਿੱਚ ਭੁੱਲ ਉੱਤੇ ਸੋਮਵਾਰ ਨੂੰ ਇਸ ਹਵਾਬਾਜ਼ੀ ਕੰਪਨੀ ਨੂੰ 23 ਕਰੋੜ ਡਾਲਰ ਜੁਰਮਾਨਾ ਠੋਕਿਆ ਹੈ। ਪਿਛਲੇ ਸਾਲ ਹੋਏ ਸਾਈਬਰ ਹਮਲੇ ਵਿੱਚ ਕੰਪਨੀ ਦੀ ਵੈੱਬਸਾਈਟ ਦੇ ਐਪ ਤੋਂ ਤਿੰਨ ਲੱਖ 80 ਹਜ਼ਾਰ ਤੋਂ ਵੱਧ ਗਾਹਕਾਂ ਦੇ ਕਾਰਡ ਦਾ ਵੇਰਵਾ ਚੋਰੀ ਹੋ ਗਿਆ ਸੀ। ਇਸ ਸੰਬੰਧ ਵਿੱਚ ਸੂਚਨਾ ਕਮਿਸ਼ਨ ਦਫ਼ਤਰ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਉਸ ਨੇ ਨਵੇਂ ਕਾਨੂੰਨ ਤਹਿਤ ਅੱਜ ਤਕ ਦਾ ਸਭ ਤੋਂ ਵੱਡਾ ਜੁਰਮਾਨਾ ਲਾਇਆ ਹੈ। ਭਾਰੇ ਜੁਰਮਾਨੇ ਉੱਤੇ ਬ੍ਰਿਟਿਸ਼ ਏਅਰਵੇਜ਼ ਦੇ ਚੇਅਰਮੈਨ ਐਲੇਕਸ ਕਰੂਜ਼ ਨੇ ਹੈਰਾਨੀ ਅਤੇ ਨਿਰਾਸ਼ਾ ਪ੍ਰਗਟ ਕਰਦੇ ਹੋਏ ਕਿਹਾ, 'ਗਾਹਕਾਂ ਦੇ ਡਾਟਾ ਚੋਰੀ ਕਰਨ ਦੇ ਅਪਰਾਧਿਕ ਕਾਰੇ ਉੱਤੇ ਬ੍ਰਿਟਿਸ਼ ਏਅਰਵੇਜ਼ ਨੇ ਤੁਰੰਤ ਕਾਰਵਾਈ ਕੀਤੀ ਸੀ। ਚੋਰੀ ਨਾਲ ਜੁੜੇ ਅਕਾਊਂਟਸ ਤੋਂ ਸਾਨੂੰ ਧੋਖੇ ਦਾ ਕੋਈ ਸਬੂਤ ਨਹੀਂ ਮਿਲਿਆ ਸੀ। ਇਸ ਘਟਨਾ ਕਾਰਨ ਸਾਡੇ ਗਾਹਕਾਂ ਨੂੰ ਹੋਈ ਕਿਸੇ ਵੀ ਅਸੁਵਿਧਾ ਦੀ ਅਸੀਂ ਮਾਫ਼ੀ ਮੰਗਦੇ ਹਾਂ।'

ਬ੍ਰਿਟਿਸ਼ ਏਅਰਵੇਜ਼ ਦੇ ਕਾਰਜਕਾਰੀ ਅਧਿਕਾਰੀ ਵਿਲੀ ਵੇਲਸ ਨੇ ਕਿਹਾ, 'ਅਸੀਂ ਏਅਰਲਾਈਨਜ਼ ਦੇ ਵੱਕਾਰ ਦੀ ਰਾਖੀ ਲਈ ਜ਼ਰੂਰੀ ਅਪੀਲ ਕਰਨ ਸਮੇਤ ਹਰ ਕਦਮ ਚੁੱਕਣ ਦਾ ਇਰਾਦਾ ਰੱਖਦੇ ਹਾਂ।' ਅਪੀਲ ਲਈ ਬ੍ਰਿਟਿਸ਼ ਏਅਰਵੇਜ਼ ਕੋਲ 28 ਦਿਨ ਹਨ। ਬ੍ਰਿਟਿਸ਼ ਏਅਰਵੇਜ਼ ਦੀ ਵੈੱਬਸਾਈਟ ਅਤੇ ਐਪ ਤੋਂ ਗਾਹਕਾਂ ਦਾ ਡਾਟਾ ਚੋਰੀ ਹੋਣ ਦਾ ਕੇਸ ਪਿਛਲੇ ਸਾਲ ਛੇ ਸਤੰਬਰ ਤੇ 25 ਅਕਤੂਬਰ ਨੂੰ ਪਤਾ ਲੱਗਾ ਸੀ। ਉਦੋਂ ਏਅਰਲਾਈਨਜ਼ ਨੇ ਮੰਨਿਆ ਸੀ ਕਿ ਕਰੀਬ ਤਿੰਨ ਲੱਖ 80 ਹਜ਼ਾਰ ਲੈਣ ਦੇਣ ਪ੍ਰਭਾਵਿਤ ਹੋਏ ਹਨ, ਪਰ ਇਸ ਡਾਟਾ ਵਿੱਚ ਯਾਤਰਾ ਤੇ ਪਾਸ-ਪੋਰਟ ਵੇਰਵਾ ਸ਼ਾਮਲ ਨਹੀਂ ਸੀ।

ਡਾਟਾ ਚੋਰੀ ਮਾਮਲੇ ਵਿੱਚ ਬ੍ਰਿਟੇਨ ਦੇ ਸੂਚਨਾ ਦਫ਼ਤਰ ਨੇ ਪਿਛਲੇ ਸਾਲ ਫੇਸਬੁੱਕ ਉੱਤੇ ਵੀ ਪੰਜ ਲੱਖ ਪਾਊਂਡ ਦਾ ਜੁਰਮਾਨਾ ਲਾਇਆ ਸੀ। ਇਹ ਜੁਰਮਾਨਾ ਬ੍ਰਿਟਿਸ਼ ਫਰਮ ਕੈਂਬ੍ਰਿਜ ਐਨਾਲਿਟਿਕਾ ਦੇ ਡਾਟਾ ਚੋਰੀ ਮਾਮਲੇ ਵਿੱਚ ਫੇਸਬੁੱਕ ਦੀ ਭੂਮਿਕਾ ਬਾਰੇ ਲੱਗਾ ਸੀ। ਉਦੋਂ ਦੇ ਕਾਨੂੰਨ ਹੇਠ ਇਹ ਵੱਧ ਤੋਂ ਵੱਧ ਜੁਰਮਾਨਾ ਸੀ। ਕੈਂਬਰਿਜ ਐਨਾਲਿਟਿਕਾ ਨੇ ਅੱਠ ਕਰੋੜ ਤੋਂ ਵੱਧ ਫੇਸਬੁੱਕ ਯੂਜ਼ਰਾਂ ਦਾ ਡਾਟਾ ਇਕ ਐਪ ਤੋਂ ਚੋਰੀ ਕੀਤਾ ਸੀ। ਫੇਸਬੁੱਕ ਡਾਟਾ ਚੋਰੀ ਦਾ ਕਾਂਡ ਪਤਾ ਲੱਗਣ ਪਿੱਛੋਂ ਯੂਰਪ ਵਿੱਚ 2018 ਵਿੱਚ ਸਖ਼ਤ ਕਾਨੂੰਨ ਲਾਗੂ ਕੀਤਾ ਗਿਆ।

# ਅਫਗਾਨਿਸਤਾਨ ਵਿੱਚ ਕਾਰ ਬੰਬ ਧਮਾਕੇ ਵਿੱਚ 14 ਲੋਕਾਂ ਦੀ ਮੌਤ, 150 ਜ਼ਖਮੀ

ਕਾਬੁਲ, 8 ਜੁਲਾਈ (ਪੋਸਟ ਬਿਊਰੋ)- ਅਮਰੀਕਾ ਅਤੇ ਤਾਲਿਬਾਨ ਵਿਚਾਲੇ ਕਤਰ ਵਿੱਚ ਚੱਲਦੀ ਸ਼ਾਂਤੀ ਵਾਰਤਾ ਵਿਚਕਾਰ ਤਾਲਿਬਾਨ ਨੇ ਕੱਲ੍ਹ ਅਫਗਾਨਿਸਤਾਨ ਦੇ ਗਜ਼ਨੀ ਸੂਬੇ ਵਿੱਚ ਵੱਡਾ ਆਤਮਘਾਤੀ ਹਮਲਾ ਕੀਤਾ। ਧਮਾਕਾਖੇਜ਼ ਸਮੱਗਰੀ ਨਾਲ ਭਰੀ ਕਾਰ ਰਾਹੀਂ ਦੇਸ਼ ਦੀ ਮੁੱਖ ਖੁਫੀਆ ਏਜੰਸੀ ਨੈਸ਼ਨਲ ਡਾਇਰੈਕਟੋਰੇਟ ਆਫ ਸਕਿਓਰਿਟੀ (ਐੱਨ ਡੀ ਐੱਸ) ਦੀ ਇਮਾਰਤ ਵਿੱਚ ਕੀਤੇ ਇਸ ਹਮਲੇ ਵਿੱਚ 14 ਲੋਕ ਮਾਰੇ ਗਏ। ਜਾਨ ਗੁਆਉਣ ਵਾਲਿਆਂ ਵਿੱਚ ਅੱਠ ਸੁਰੱਖਿਆ ਮੁਲਾਜ਼ਮ ਸ਼ਾਮਲ ਹਨ। ਇਸ ਹਮਲੇ ਵਿੱਚ ਕਰੀਬ 150 ਲੋਕ ਜ਼ਖਮੀ ਹੋਏ ਹਨ। ਹਮਲੇ ਦੀ ਜ਼ਿੰਮੇਵਾਰੀ ਲੈ ਕੇ ਤਾਲਿਬਾਨ ਬੁਲਾਰੇ ਜਬੀਹੁੱਲਾ ਮੁਜਾਹਿਦ ਨੇ ਦਾਅਵਾ ਕੀਤਾ ਕਿ ਇਸ ਹਮਲੇ ਵਿੱਚ ਐੱਨ ਡੀ ਐੱਸ ਦੇ ਕਈ ਅਫਸਰ ਮਾਰੇ ਗਏ। ਗਜ਼ਨੀ ਦੇ ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਹਮਲੇ ਵਿੱਚ ਜ਼ਖਮੀ ਹੋਏ ਲੋਕਾਂ ਵਿੱਚ 27 ਬੱਚੇ ਸ਼ਾਮਲ ਹਨ। ਅਧਿਕਾਰੀਆਂ ਨੇ ਮ੍ਰਿਤਕਾਂ ਦੀ ਗਿਣਤੀ ਵਧਣ ਦੀ ਸ਼ੰਕਾ ਪ੍ਰਗਟਾਈ ਹੈ। ਤਾਲਿਬਾਨ ਨੇ ਇਹ ਹਮਲਾ ਅਜਿਹੇ ਸਮੇਂ ਕੀਤਾ ਹੈ ਜਦੋਂ ਕਤਰ ਦੀ ਰਾਜਧਾਨੀ ਦੋਹਾ ਵਿੱਚ ਅਮਰੀਕਾ ਨਾਲ ਚੱਲਦੀ ਸ਼ਾਂਤੀ ਵਾਰਤਾ ਵਿੱਚ ਅਫਗਾਨ ਵਫਦ ਸ਼ਾਮਲ ਹੋਣ ਵਾਲੇ ਹਨ। ਜਰਮਨੀ ਅਤੇ ਕਤਰ ਦੇ ਡਿਪਲੋਮੈਟਿਕ ਯਤਨਾਂ ਨਾਲ ਤਾਲਿਬਾਨ ਨਾਲ ਵਾਰਤਾ ਲਈ ਅਫਗਾਨਿਸਤਾਨ ਦੀ ਸਿਆਸਤ ਵਿੱਚ ਦਖਲ ਰੱਖਣ ਵਾਲੇ ਕਰੀਬ 60 ਆਗੂ ਦੋਹਾ ਪੁੱਜੇ ਹੋਏ ਹਨ। ਅਫਗਾਨ ਸਰਕਾਰ ਨਾਲ ਸਿੱਧੀ ਵਾਰਤਾ ਤੋਂ ਇਨਕਾਰ ਕਰਦਾ ਰਿਹਾ ਤਾਲਿਬਾਨ ਇਸ ਸ਼ਰਤ 'ਤੇ ਇਨ੍ਹਾਂ ਲੋਕਾਂ ਨਾਲ ਗੱਲਬਾਤ ਲਈ ਸਹਿਮਤ ਹੋਇਆ ਕਿ ਇਹ ਆਗੂ ਨਿੱਜੀ ਹੈਸੀਅਤ ਵਿੱਚ ਇਸ ਵਾਰਤਾ ਵਿੱਚ ਸ਼ਾਮਲ ਹੋਣਗੇ।



*ਘਟਨਾ ਸਥਾਨ ਉਤੇ ਖੜ੍ਹੇ ਅਫਗਾਨ ਸੁਰੱਖਿਆ ਕਰਮੀ।*

## ਰਸੂਖਦਾਰ ਅਫਗਾਨਾਂ ਵੱਲੋਂ ਤਾਲਿਬਾਨ ਨਾਲ ਦੋਹਾ ਵਿੱਚ ਮੁਲਾਕਾਤ



*ਅਫਗਾਨ ਵਫਦ ਦੇ ਮੈਂਬਰ ਮੁਲਾਕਾਤ ਲਈ ਜਾਂਦੇ ਹੋਏ।*

ਦੋਹਾ, 8 ਜੁਲਾਈ (ਪੋਸਟ ਬਿਊਰੋ)- ਕਤਰ ਦੀ ਰਾਜਧਾਨੀ ਦੋਹਾ ਵਿੱਚ ਕੱਲ੍ਹ ਤਿੱਖੇ ਵਿਰੋਧੀਆਂ ਦੇ ਸਮੇਤ ਵੱਡੀ ਗਿਣਤੀ ਰਸੂਖਵਾਨ ਅਫਗਾਨਾਂ ਨੇ ਤਾਲਿਬਾਨ ਨਾਲ ਮੁਲਾਕਾਤ ਕੀਤੀ। ਇਸ ਤੋਂ ਬਿਨਾ ਅਮਰੀਕਾ ਤੇ ਬਾਗੀਆਂ ਵਿਚਾਲੇ ਵੱਖਰੇ ਪੱਧਰ 'ਤੇ 18 ਸਾਲ ਤੋਂ ਚੱਲੀ ਆ ਰਹੀ ਜੰਗ ਦੇ ਖਾਤਮੇ ਬਾਰੇ ਗੱਲਬਾਤ ਚੱਲ ਰਹੀ ਹੈ। ਦੋਵਾਂ ਪੱਧਰਾਂ ਦੀ ਗੱਲਬਾਤ ਨਾਲ ਵੱਡੇ ਹਿੱਤ ਜੁੜੇ ਹੋਏ ਹਨ। ਅਮਰੀਕਾ ਦਾ ਕਹਿਣਾ ਹੈ ਕਿ ਇਹ ਸਤੰਬਰ ਵਿੱਚ ਅਫਗਾਨ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਪਹਿਲਾਂ ਸਿਆਸੀ ਸਮਝੌਤਾ ਸਿਰੇ ਚੜ੍ਹਾਉਣਾ ਚਾਹੁੰਦਾ ਹੈ। ਇਸ ਪਿੱਛੋਂ ਵਿਦੇਸ਼ੀ ਫੌਜਾਂ ਨੂੰ ਕੱਢਿਆ ਜਾਵੇਗਾ। ਮੁਲਾਕਾਤ ਵਾਲੇ ਲਗਜ਼ਰੀ ਹੋਟਲ ਵਿੱਚ ਸੁਰੱਖਿਆ ਦੇ ਕਰੜੇ ਪ੍ਰਬੰਧ ਕੀਤੇ ਗਏ ਸਨ।

ਅਫਗਾਨ ਵਫਦ ਵਿੱਚ ਸੱਤਰ ਜਣੇ ਸ਼ਾਮਲ ਸਨ ਅਤੇ ਉਨ੍ਹਾਂ ਦੇ ਫੋਨ ਮੁਲਾਕਾਤ ਵਾਲੇ ਹਾਲ ਤੋਂ ਬਾਹਰ ਰਖਵਾ ਲਏ ਗਏ। ਹਾਲ ਵਿੱਚ ਵੱਡੀ ਵੀਡੀਓ ਸਕਰੀਨ ਲੱਗੀ ਹੋਈ ਸੀ। ਗੱਲਬਾਤ ਦੀ ਮੇਜ਼ਬਾਨੀ ਕਤਰ ਤੇ ਜਰਮਨੀ ਦੇ ਨੁਮਾਇੰਦਿਆਂ ਨੇ ਕੀਤੀ। ਜਰਮਨੀ ਦੇ ਵਿਸ਼ੇਸ਼ ਨੁਮਾਇੰਦੇ ਮਰਕਸ ਪੋਜ਼ਲ ਇਸ ਮੌਕੇ ਹਾਜ਼ਰ ਸਨ। ਉਨ੍ਹਾਂ ਹਾਜ਼ਰੀਨ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਵਿਸ਼ੇਸ਼ ਮੌਕਾ ਮਿ-ਲਿਆ ਹੈ ਅਤੇ ਹਿੰਸਕ ਟਕਰਾਅ ਨੂੰ ਸ਼ਾਂਤੀਪੂਰਨ ਗੱਲਬਾਤ ਵਿੱਚ ਬਦਲਣ ਦੀ ਜ਼ਿੰਮੇਵਾਰੀ ਸਾਰਿਆਂ ਸਿਰ ਹੈ। ਤਾਲਿਬਾਨ ਦੇ ਇੱਕ ਨੁਮਾਇੰਦੇ ਦੀ ਇਸ ਮੌਕੇ ਸੁਰੱਖਿਆ ਗਾਰਡ ਨਾਲ ਤਕਰਾਰ ਹੋ ਗਈ। ਅਮਰੀਕਾ ਵੱਲੋਂ ਵਿਚੋਲਗੀ ਕਰ ਰਹੇ ਜ਼ਲਮਈ ਖਲੀਲਜ਼ਾਦ ਦਾ ਕਹਿਣਾ ਹੈ ਕਿ ਅਮਰੀਕਾ-ਤਾਲਿਬਾਨ ਵਿਚਾਲੇ ਗੱਲਬਾਤ ਦਾ ਤਾਜ਼ਾ ਗੇੜ ਸੁਖਾਵਾਂ ਰਿਹਾ ਹੈ।

## ਬ੍ਰਿਟੇਨ ਸਰਕਾਰ ਵੱਲੋਂ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਦੇ ਲਈ 16 ਲੱਖ ਪੌਂਡ




ਲੰਡਨ, 8 ਜੁਲਾਈ (ਪੋਸਟ ਬਿਊਰੋ)- ਵਧ ਰਹੀਆਂ ਨਸਲੀ ਹਿੰਸਾ ਦੀਆਂ ਘਟਨਾਵਾਂ ਕਾਰਨ ਬ੍ਰਿਟੇਨ ਸਰਕਾਰ ਵੱਲੋਂ 2016 ਵਿੱਚ ਗੁਰਦੁਆਰਿਆਂ, ਮੰਦਰਾਂ, ਮਸਜਿਦਾਂ ਤੇ ਗਿਰਜਿਆਂ ਸਮੇਤ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਲਈ ਵਿਸ਼ੇਸ਼ ਕਦਮ ਚੁੱਕਦਿਆਂ ਸੀ ਸੀ ਟੀ ਵੀ ਕੈਮਰੇ ਅਤੇ ਹੋਰ ਪ੍ਰਬੰਧ ਕਰਨ ਲਈ ਫੰਡ ਦੇਣੇ ਸ਼ੁਰੂ ਕੀਤੇ ਗਏ ਸਨ, ਜਿਸ ਹੇਠ ਗ੍ਰਹਿ ਵਿਭਾਗ ਅਨੁਸਾਰ ਅੱਜ ਤੱਕ 15 ਲੱਖ ਪੌਂਡ 130 ਤੋਂ ਵੱਧ ਧਾਰਮਿਕ ਅਸਥਾਨਾਂ ਨੂੰ ਵੰਡੇ ਜਾ ਚੁੱਕੇ ਹਨ। ਇਨ੍ਹਾਂ 'ਚੋਂ 63 ਚਰਚਾਂ, 49 ਮਸਜਿਦਾਂ, ਪੰਜ ਮੰਦਰਾਂ ਅਤੇ 17 ਗੁਰਦੁਆਰਿਆਂ ਨੂੰ ਫੰਡ ਦਿੱਤੇ ਗਏ ਹਨ।

ਗ੍ਰਹਿ ਵਿਭਾਗ ਦੇ ਮੁਤਾਬਕ ਇਸ ਸਾਲ ਇਸ ਰਾਸ਼ੀ ਨੂੰ ਦੁੱਗਣਾ ਕਰ ਦਿੱਤਾ ਗਿਆ ਹੈ। ਇਸ ਫੰਡ ਨੂੰ ਲੈਣ ਲਈ ਯੂ ਕੇ ਦੇ 300 ਤੋਂ ਕਰੀਬ ਧਾਰਮਿਕ ਸਥਾਨਾਂ ਨੇ ਅਰਜ਼ੀਆਂ ਦਿੱਤੀਆਂ ਹਨ, ਜਿਸ 'ਚੋਂ ਲੰਡਨ, ਵੈਸਟ ਮਿਡਲੈਂਡ ਅਤੇ ਵੈਸਟ ਯਾਰਕਸ਼ਾਇਰ ਇਲਾਕੇ ਦੇ ਧਾਰਮਿਕ ਅਸਥਾਨਾਂ ਨੇ ਵੱਧ ਦਿਲਚਸਪੀ ਵਿਖਾਈ ਹੈ। ਵਿਭਾਗ ਅਨੁਸਾਰ ਫੰਡ ਲਈ ਅਰਜ਼ੀ ਦੇਣ ਵਾਲੀਆਂ ਸੰਸਥਾਵਾਂ ਨੂੰ ਇਹ ਸਾਬਤ ਕਰਨ ਦੀ ਲੋੜ ਹੈ ਕਿ ਉਹ ਨਸਲੀ ਨਫਰਤ ਕਰਨ ਵਾਲਿਆਂ ਦੇ ਨਿਸ਼ਾਨੇ 'ਤੇ ਹੈ, ਪਰ ਇਸ 'ਚ ਤਬਦੀਲੀ ਕਰਦਿਆਂ ਵਿਭਾਗ ਨੇ ਕਿਹਾ ਹੈ ਕਿ ਹਾਲੇ ਇਹ ਸਾਬਤ ਕਰਨ ਦੀ ਲੋੜ ਨਹੀਂ ਕਿ ਉਹ ਨਫਰਤੀ ਅਪਰਾਧ ਦਾ ਪਹਿਲਾਂ ਸ਼ਿਕਾਰ ਹੋ ਚੁੱਕੇ ਹਨ। ਸੰਬੰਧਤ ਮਹਿਕਮੇ ਦੇ ਮੰਤਰੀ ਬੈਰੋਨਿਸ ਵਿਲੀਅਮਸ ਨੇ ਕਿਹਾ ਹੈ ਕਿ ਕਿਸੇ ਨੂੰ ਵੀ ਧਰਮ ਦੇ ਨਾਂਅ 'ਤੇ ਹੋਣ ਵਾਲੇ ਹਮਲੇ ਤੋਂ ਡਰਨ ਦੀ ਲੋੜ ਨਹੀਂ, ਅਸੀਂ ਯੂ ਕੇ ਵਿੱਚ ਹਰ ਧਰਮ ਦੀ ਆਜ਼ਾਦੀ ਅਤੇ ਸੁਰੱਖਿਆ ਲਈ ਵਚਨਬੱਧ ਹਾਂ। ਗ੍ਰਹਿ ਮੰਤਰੀ ਸਾਜਿਦ ਜਾਵਿਦ ਨੇ ਕਿਹਾ ਹੈ ਕਿ ਧਾਰਮਿਕ ਸੰਸਥਾਵਾਂ ਭਾਈਚਾਰਿਆਂ ਦਾ ਦਿਲ ਹਨ ਤੇ ਜਿੱਥੇ ਸ਼ਾਂਤੀ ਅਤੇ ਸ਼ਰਣ ਮਿਲਦੀ ਹੈ। ਸਾਨੂੰ ਖੁਸ਼ੀ ਹੈ ਕਿ ਇਸ ਫੰਡ ਤੋਂ ਧਾਰਮਿਕ ਸੰਸਥਾਵਾਂ ਦੀ ਸੁਰੱਖਿਆ ਲਈ ਮਦਦ ਕਰਨ ਦੇ ਯੋਗ ਹੋਏ ਹਾਂ। ਸਰਕਾਰ ਵੱਲੋਂ ਧਾਰਮਿਕ ਸੰਸਥਾਵਾਂ ਤੋਂ 31 ਅਗਸਤ ਤੱਕ ਅਰਜ਼ੀਆਂ ਮੰਗੀਆਂ ਗਈਆਂ ਹਨ।

## ਅਮਰੀਕੀ ਵਿਗਿਆਨੀਆਂ ਨੇ ਅੰਗੂਠੇ ਜਿੱਡਾ ਪੋਰਟੇਬਲ ਕੈਮਰਾ ਬਣਾ ਲਿਆ

ਵਾਸ਼ਿੰਗਟਨ, 8 ਜੁਲਾਈ (ਪੋਸਟ ਬਿਊਰੋ)- ਅਮਰੀਕੀ ਵਿਗਿਆਨੀਆਂ ਨੇ ਅਜਿਹਾ ਪੋਰਟੇਬਲ ਕੈਮਰਾ ਤਿਆਰ ਕੀਤਾ ਹੈ ਜਿਸ ਦੀ ਮਦਦ ਨਾਲ ਪੋਲਰਾਈਜ਼ਡ ਲਾਈਟ ਯਾਨੀ ਧਰੁਵੀਕ੍ਰਿਤ ਪ੍ਰਕਾਸ਼ ਦੀਆਂ ਫੋਟੋ ਲਈਆਂ ਜਾ ਸਕਣਗੀਆਂ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਦੀ ਮਦਦ ਨਾਲ ਵਾਯੂਮੰਡਲ ਰਸਾਇਣ ਦਾ ਸਰਵੇ ਕਰਨ ਵਿੱਚ ਮਦਦ ਮਿਲੇਗੀ ਅਤੇ ਨਾਲ ਹੀ ਛਿਪੀਆਂ ਹੋਈਆਂ ਚੀਜ਼ਾਂ ਨੂੰ ਤਲਾਸ਼ਣ ਵਿੱਚ ਮਦਦ ਹੋ ਸਕੇਗੀ। ਇਸ ਦੀ ਸਭ ਤੋਂ ਵੱਡੀ ਖਾਸੀਅਤ ਇਸ ਦਾ ਛੋਟਾ ਆਕਾਰ ਹੈ, ਜੋ ਮਹਿਜ਼ ਇੱਕ ਅੰਗੂਠੇ ਦੇ ਬਰਾਬਰ ਹੈ।

ਵਰਨਣ ਯੋਗ ਹੈ ਕਿ ਪੋਲਰਾਈਜ਼ੇਸ਼ਨ ਯਾਨੀ ਧਰੁਵੀਕਰਨ ਉਹ ਦਿਸ਼ਾ ਹੁੰਦੀ ਹੈ, ਜਿਸ ਵਿੱਚ ਲਾਈਟ ਵਾਈਬ੍ਰੇਟ ਕਰਦੀ ਹੈ। ਇਸ ਨੂੰ ਇਨਸਾਨੀ ਅੱਖ ਨਾਲ ਨਹੀਂ ਦੇਖਿਆ ਜਾ ਸਕਦਾ, ਪਰ ਝੀਂਗਾ ਤੇ ਕੀੜਿਆਂ ਦੀਆਂ ਕੁਝ ਨਸਲਾਂ ਇਸ ਲਾਈਟ ਉਨ੍ਹਾਂ ਚੀਜ਼ਾਂ ਦੀ ਜਾਣਕਾਰੀ ਦੇਣ ਵਿੱਚ ਬਹੁਤ ਅਹਿਮ ਹੁੰਦੀਆਂ ਹਨ ਜਿਨ੍ਹਾਂ ਦੇ ਸੰਪਰਕ ਵਿੱਚ ਇਹ ਆਉਂਦਾ ਹੈ। ਇਸੇ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਗਿਆਨੀਆਂ ਨੇ ਇੱਕ ਖਾਸ ਕੈਮਰਾ ਤਿਆਰ ਕੀਤਾ ਹੈ। ਅੱਜ ਕੱਲ੍ਹ ਜਿਹੜੇ ਕੈਮਰੇ ਧਰੁਵੀਕਰਨ ਪ੍ਰਕਾਸ਼ ਨੂੰ ਕੈਦ ਕਰ ਸਕਦੇ ਹਨ, ਉਹ ਕਿਸੇ ਚੀਜ਼ ਦਾ ਪਤਾ ਲਾਉਣ ਲਈ ਉਸ ਦਾ ਕੰਟ੍ਰਾਸਟ ਵਧਾ ਕੇ ਏਦਾਂ ਕਰਨ ਦੇ ਸਮਰੱਥ ਹੁੰਦੇ ਹਨ। ਇਹ ਕੈਮਰੇ ਆਕਾਰ ਵਿੱਚ ਵੱਡੇ ਹੁੰਦੇ ਹਨ, ਪਰ ਵਿਗਿਆਨੀਆਂ ਵੱਲੋਂ ਬਣਾਏ ਗਏ ਅੰਗੂਠੇ ਦੇ ਬਰਾਬਰ ਇਸ ਕੈਮਰੇ ਨੂੰ ਖੁਦ ਚੱਲਣ ਵਾਲੇ ਵਾਹਨਾਂ ਜਾਂ ਜਹਾਜ਼ਾਂ ਦੇ ਵਿਜ਼ਨ ਸਿਸਟਮ ਜਾਂ ਸੈਟੇਲਾਈਟ ਵਿੱਚ ਲਗਾ ਕੇ ਛਿਪੀਆਂ ਹੋਈਆਂ ਚੀਜ਼ਾਂ ਅਤੇ ਦਿਸ਼ਾ ਤਲਾਸ਼ਣ ਵਿੱਚ ਮਦਦ ਮਿਲ ਸਕਦੀ ਹੈ। ਹਾਵਰਡ ਜਾਨ ਏ ਪਾਲਸਨ ਸਕੂਲ ਆਫ ਇੰਜੀਨੀਅਰਿੰਗ ਐਂਡ ਐਪਲਾਈਡ ਸਾਇੰਸਿਜ਼ (ਐੱਸ ਈ ਏ ਐੱਸ) ਦੇ ਪਾਲ ਸ਼ੇਵੇਲਿਅਰ ਦੇ ਮੁਤਾਬਕ ਪੋਲਰਾਈਜ਼ੇਸ਼ਨ ਲਾਈਡ ਦਾ ਅਜਿਹਾ ਫੀਚਰ ਹੈ, ਜੋ ਇੱਕ ਹਫਤੇ 'ਤੇ ਰਿਫਲੈਕਸ਼ਨ ਯਾਨੀ ਪ੍ਰਤੀਬਿੰਬ ਦੇ ਰੂਪ ਵਿੱਚ ਬਦਲ ਜਾਂਦਾ ਹੈ। ਇਸ ਬਦਲਾਅ ਦੇ ਆਧਾਰ 'ਤੇ ਪੋਲਰਾਈਜ਼ੇਸ਼ਨ ਸਾਨੂੰ ਕਿਸੇ ਵੀ ਚੀਜ਼ ਦੀ ਥ੍ਰੀ ਡੀ ਸੰਰਚਨਾ ਬਣਾਉਣ ਵਿੱਚ ਮਦਦ ਕਰਦਾ ਹੈ। ਇਸ ਨਾਲ ਉਸ ਚੀਜ਼ ਦੇ ਆਕਾਰ, ਗਹਿਰਾਈ, ਰਚਨਾ ਦਾ ਪਤਾ ਲਾਇਆ ਜਾਂਦਾ ਹੈ। ਇਸ ਲਈ ਬੇਹੱਦ ਛੋਟਾ ਕੈਮਰਾ ਵਿਕਸਿਤ ਕੀਤਾ ਹੈ ਕਿਉਂਕਿ ਇਸ ਨੂੰ ਕਾਫੀ ਆਸਾਨੀ ਨਾਲ ਇਸਤੇਮਾਲ ਕੀਤਾ ਜਾ ਸਕਦਾ ਹੈ, ਜਿਸ ਤੋਂ ਵੱਡੇ ਕੈਮਰਿਆਂ ਦੀ ਵਜ੍ਹਾ ਨਾਲ ਆਉਣ ਵਾਲੀ ਪ੍ਰੇਸ਼ਾਨੀ ਦੂਰ ਹੋ ਸਕੇਗੀ।



*ਪੋਰਟੇਬਲ ਕੈਮਰੇ ਨਾਲ ਖਿੱਚੀ ਗਈ ਇਕ ਤਸਵੀਰ।*

## ਭਾਰਤੀ ਰੈਸਟੋਰੈਂਟ ਆਪਣੇ ਕਾਮੇ ਨੂੰ 86600 ਡਾਲਰ ਦਾ ਭੁਗਤਾਨ ਕਰੇਗਾ

ਆਕਲੈਂਡ, 8 ਜੁਲਾਈ (ਪੋਸਟ ਬਿਊਰੋ)- ਵਨਾਕਾ (ਸਾਊਥ ਆਈਲੈਂਡ) ਵਿਖੇ ਇੱਕ ਭਾਰਤੀ ਰੈਸਟੋਰੈਂਟ ਸਪਾਈਸ ਰੂਮ ਨੂੰ ਆਪਣੇ ਕਾਮੇ ਨੂੰ ਗੈਰ ਕਾਨੂੰਨੀ ਤੌਰ 'ਤੇ ਨੌਕਰੀ ਤੋਂ ਹਟਾਉਣ ਕਰ ਕੇ 86600 ਡਾਲਰ ਦਾ ਭੁਗਤਾਨ ਕਰਨਾ ਪਵੇਗਾ। ਰੈਸਟੋਰੈਂਟ ਦਾ ਇਹ ਰਸੋਈਆ 15 ਹਫਤਿਆਂ ਦੀ ਛੁੱਟੀ ਲੈ ਕੇ ਭਾਰਤ ਗਿਆ ਸੀ ਤੇ ਮਾਲਕਾਂ ਨੇ ਮਗਰੋਂ ਇਮੀਗਰੇਸ਼ਨ ਨੂੰ ਇਹ ਕਹਿ ਦਿੱਤਾ ਕਿ ਉਸ ਨੇ ਕਿਹਾ ਹੈ ਕਿ ਉਹ ਵਾਪਸ ਨਹੀਂ ਆ ਰਿਹਾ। ਰਸੋਈਆ ਰਮੇਸ਼ ਨਾਥ ਜਦ ਵਾਪਸ ਨਿਊਜ਼ੀਲੈਂਡ ਆਉਣ ਲਈ ਜਹਾਜ਼ ਫੜਨ ਲੱਗਾ ਤਾਂ ਪਤਾ ਲੱਗਾ ਕਿ ਉਸ ਦਾ ਵੀਜ਼ਾ ਰੱਦ ਹੋ ਚੁੱਕਾ ਹੈ। ਰਮੇਸ਼ ਨਾਥ ਨੇ ਸਤੰਬਰ 2016 ਤੋਂ ਅਪ੍ਰੈਲ 2018 ਤੱਕ ਇਥੇ ਕੰਮ ਕੀਤਾ ਸੀ। ਰੈਸਟੋਰੈਂਟ ਦੇ ਸ਼ੇਅਰ ਹੋਲਡਰ ਅਭਿਸ਼ੇਕ ਸਕਲਾਨੀ ਨੇ ਇਸ ਕਾਮੇ ਦੀ ਛੁੱਟੀ ਮਨਜ਼ੂਰ ਕੀਤੀ ਸੀ। ਇੰਪਲਾਈਮੈਂਟ ਅਥਾਰਟੀ ਨੇ ਹੁਣ ਸਪਾਈਸ ਰੂਮ ਨੂੰ 54238 ਡਾਲਰ ਰਮੇਸ਼ ਨਾਥ ਨੂੰ ਬਣਦੀ ਤਨਖਾਹ ਦਾ ਭੁਗਤਾਨ ਕਰਨ ਅਤੇ 22000 ਡਾਲਰ ਹੋਰ ਮੁਆਵਜ਼ਾ ਦੇਣ ਲਈ ਕਿਹਾ ਹੈ। ਇਸ ਤੋਂ ਇਲਾਵਾ 10424 ਡਾਲਰ ਹੋਰ ਭਰਪਾਈ ਕਰਨ ਲਈ ਕਿਹਾ ਹੈ।

## ਜਲਵਾਯੂ ਤਬਦੀਲੀ ਨਾਲ ਬਾਂਦਰਾਂ ਦੇ ਖਤਮ ਹੋਣ ਦਾ ਖਤਰਾ

ਵਾਸ਼ਿੰਗਟਨ, 8 ਜੁਲਾਈ (ਪੋਸਟ ਬਿਊਰੋ)- ਇਸ ਸਮੇਂ ਜਲਵਾਯੂ ਤਬਦੀਲੀ ਦੁਨੀਆ ਸਾਹਮਣੇ ਸਭ ਤੋਂ ਵੱਡਾ ਸੰਕਟ ਬਣ ਕੇ ਖੜ੍ਹੀ ਹੈ। ਇਸ ਕਾਰਨ ਜੀਵਾਂ ਦੀਆਂ ਕਈ ਨਸਲਾਂ ਖਤਮ ਹੋਣ ਕਿਨਾਰੇ ਹਨ ਜਿਨ੍ਹਾਂ ਵਿੱਚ ਦੱਖਣੀ ਅਮਰੀਕਾ ਵਿੱਚ ਪਾਏ ਜਾਣ ਵਾਲੇ ਬਾਂਦਰ ਵੀ ਸ਼ਾਮਲ ਹਨ। ਗਲੋਬਲ ਚੇਂਜ ਬਾਇਓਲਾਜੀ ਵਿੱਚ ਛਪੀ ਖੋਜ ਮੁਤਾਬਕ ਜੇ ਧਰਤੀ ਦੇ ਤਾਪਮਾਨ ਵਿੱਚ ਹੋ ਰਹੇ ਵਾਧੇ ਨੂੰ ਕਾਬੂ ਨਾ ਕੀਤਾ ਗਿਆ ਤਾਂ ਇਨ੍ਹਾਂ ਬਾਂਦਰਾਂ ਦੀ ਹੋਂਦ ਹੀ ਖਤਮ ਹੋ ਜਾਵੇਗੀ।

ਇਸ ਖੋਜ ਦੌਰਾਨ ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਆਫ ਨੇਚਰ (ਆਈ ਯੂ ਸੀ ਐੱਨ) ਦੇ ਡਾਟਾਬੇਸ 'ਚ ਸ਼ਾਮਲ ਬਾਂਦਰਾਂ ਅਤੇ ਲੰਗੂਰਾਂ ਦੀਆਂ 426 ਨਸਲਾਂ 'ਤੇ ਤਾਪਮਾਨ ਵਾਧੇ ਦੇ ਅਸਰ ਦਾ ਪਤਾ ਲਾਇਆ ਗਿਆ ਸੀ। ਖੋਜਕਾਰਾਂ ਨੇ ਪਾਇਆ ਕਿ ਆਉਂਦੇ ਤੀਹ ਸਾਲ 'ਚ ਇਨ੍ਹਾਂ ਨਸਲਾਂ ਖਾਸਕਰ ਕੇ ਦੱਖਣੀ ਅਮਰੀਕਾ ਦੇ ਗਰਮ ਬਰਸਾਤੀ ਜੰਗਲਾਂ ਵਿੱਚ ਰਹਿਣ ਵਾਲੇ ਬਾਂਦਰਾਂ ਦੇ ਕੁਦਰਤੀ ਨਿਵਾਸ ਸਿਮਟ ਜਾਣਗੇ। ਇਸ ਦੇ ਨਾਲ ਉਨ੍ਹਾਂ ਨੂੰ ਤਾਪਮਾਨ 'ਚ ਵਾਧੇ ਦਾ ਵੀ ਸਭ ਤੋਂ ਵੱਧ ਸਾਹਮਣਾ ਕਰਨਾ ਪਵੇਗਾ। ਅਜਿਹੇ 'ਚ ਉਨ੍ਹਾਂ ਦੇ ਖਤਮ ਹੋਣ ਦਾ ਖਤਰਾ ਵੀ ਕਈ ਗੁਣਾ ਜਾਵੇਗਾ। ਵਿਗਿਆਨੀਆਂ ਨੇ ਉਨ੍ਹਾਂ ਖੇਤਰਾਂ ਦੀ ਪਛਾਣ ਕੀਤੀ ਜਿੱਥੇ ਤਾਪਮਾਨ ਵਧਣ ਨਾਲ ਬਾਂਦਰਾਂ ਨੂੰ ਸਭ ਤੋਂ ਵੱਧ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ।

Honesty, Reliability, Commitment
Hira Randhawa
Broker
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$634,900 — Sandalwood & Conestoga — Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.
$729,900 — Dixie/Octillo — Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!
$739,913 — Charleston Side Rd/Main St. — Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.
$775,000 — Charolais/Chinguacousy Rd — Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP,
SUPER
-VISA,&
TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
○ Low Down payment/Flexible Terms
○ Large Inventory of New Trucks & Trailers
○ Quick Approvals ○ Honest Service
○ Best Rate in Town ○ Offices all over Canada
For more Information Contact
Rajdeep: 647.707.4167
Office: 905.678.2424

MICHELIN · Hankook · Continental · ROADLUX · BFGoodrich · AEOLUS · COMPASAL · Chevron · Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲ੍ਹਾ
Spring Sale
1715 Sismet Rd, Mississauga | Call Ranjit: 416.624.8351 | Tel: 905.625.0055

# ਆਮ ਆਦਮੀ ਪਾਰਟੀ ਮਹਿੰਗੀ ਬਿਜਲੀ ਦੇ ਮੁੱਦੇ ਉੱਤੇ ਬਾਦਲਾਂ ਦੀ ਪੋਲ ਖੋਲ੍ਹੇਗੀ : ਹਰਪਾਲ ਚੀਮਾ

ਚੰਡੀਗੜ੍ਹ, 8 ਜੁਲਾਈ (ਪੋਸਟ ਬਿਊਰੋ)- ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਅਤੇ ਇਸ ਪਾਰਟੀ ਦੇ ਬਿਜਲੀ ਮੋਰਚੇ ਦੇ ਕੋਆਰਡੀਨੇਟਰ ਨੇ ਮਹਿੰਗੀ ਬਿਜਲੀ ਲਈ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਿਹਾ ਕਿ ਅਕਾਲੀ ਦਲ ਵੱਲੋਂ ਬਿਜਲੀ ਦੇ ਮੁੱਦੇ 'ਤੇ ਧਰਨਿਆਂ ਦਾ ਐਲਾਨ ਨਿਰੋਲ ਸਿਆਸੀ ਸਟੰਟ ਹੈ। ਉਨਾਂ ਕਿਹਾ ਕਿ ਉਨ੍ਹਾਂ ਦੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਅਕਾਲੀਆਂ ਦੀ ਇਸ ਡਰਾਮੇਬਾਜ਼ੀ ਦੇ ਮੌਕੇ ਪੰਜਾਬ ਦੇ ਲੋਕਾਂ ਸਾਹਮਣੇ ਪੋਲ ਖੋਲ੍ਹੇਗੀ।

ਇਸ ਸੰਬੰਧ ਵਿੱਚ ਆਮ ਆਦਮੀ ਪਾਰਟੀ ਦੇ ਮੁੱਖ ਦਫਤਰ ਵੱਲੋਂ ਜਾਰੀ ਬਿਆਨ ਰਾਹੀਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਤੇ ਪੰਜਾਬ ਦੇ ਲੋਕਾਂ ਲਈ ਇਹ ਸ਼ੁਭ ਸ਼ਗਨ ਹੈ ਕਿ ਅਕਾਲੀ ਦਲ (ਬਾਦਲ) ਨੇ ਮਹਿੰਗੀ ਬਿਜਲੀ ਦੇ ਮੁੱਦੇ 'ਤੇ ਆਪਣੀ ਪਿਛਲੀ ਸਰਕਾਰ ਦੌਰਾਨ ਖੁਦ ਲਾਈ ਅੱਗ 'ਚ ਹੱਥ ਪਾਇਆ ਹੈ। ਸੁਖਬੀਰ ਸਿੰਘ ਬਾਦਲ ਤੇ ਉਸ ਦੀ ਸਮੁੱਚੀ ਪਾਰਟੀ ਨੂੰ ਲੋਕਾਂ ਸਾਹਮਣੇ ਦੱਸਣਾ ਪਵੇਗਾ ਕਿ ਉਨ੍ਹਾਂ ਸਸਤੀ ਬਿਜਲੀ ਪੈਦਾ ਕਰਦੇ ਸਰਕਾਰੀ ਥਰਮਲ ਪਲਾਂਟ ਬੰਦ ਕਰ ਕੇ ਪ੍ਰਾਈਵੇਟ ਥਰਮਲ ਕੰਪਨੀਆਂ ਨਾਲ ਬੇਹੱਦ ਮਹਿੰਗੇ ਤੇ ਮਾਰੂ ਸ਼ਰਤਾਂ ਵਾਲੇ ਬਿਜਲੀ ਖਰੀਦ ਸਮਝੌਤੇ (ਪੀ ਪੀ ਏਜ਼) ਕਿਉਂ ਕੀਤੇ ਸਨ ਅਤੇ ਇਹ ਵੀ ਦੱਸਣਾ ਪਵੇਗਾ ਕਿ ਇੱਕ ਵੀ ਯੂਨਿਟ ਨਾ ਖਰੀਦੇ ਜਾਣ ਦੇ ਬਾਵਜੂਦ ਫਿਕਸ ਚਾਰਜਿਜ ਦੇ ਨਾਂਅ ਉੱਤੇ ਇਨ੍ਹਾਂ ਤਿੰਨ ਪ੍ਰਾਈਵੇਟ ਥਰਮਲ ਪਲਾਂਟਾਂ (ਤਲਵੰਡੀ ਸਾਬੋ, ਰਾਜਪੁਰਾ ਤੇ ਗੋਇੰਦਵਾਲ ਸਾਹਿਬ) ਨੂੰ ਸਰਕਾਰੀ ਖਜ਼ਾਨੇ ਵਿੱਚੋਂ ਸਾਲਾਨਾ 2800 ਕਰੋੜ ਰੁਪਏ ਕਿਸ ਲਈ, ਕਿਸ ਨੇ ਅਤੇ ਕਿਉ ਦੇਣ ਬੰਨ੍ਹੇ ਸਨ?

ਪਾਰਟੀ ਦੇ ਇੱਕ ਹੋਰ ਵਿਧਾਇਕ ਅਤੇ ਸੀਨੀਅਰ ਆਗੂ ਮੀਤ ਹੇਅਰ ਨੇ ਕਿਹਾ ਕਿ ਲੋਕਾਂ ਦੀ ਕਚਹਿਰੀ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਇਹ ਮੰਨਣਾ ਪਵੇਗਾ ਕਿ ਇਨ੍ਹਾਂ ਮਹਿੰਗੇ ਅਤੇ ਲੋਕ ਵਿਰੋਧੀ ਸਮਝੌਤਿਆਂ ਵਿੱਚ ਉਨ੍ਹਾਂ (ਬਾਦਲਾਂ) ਨੇ ਆਪਣੀ ਕਿੰਨੀ ਹਿੱਸੇਦਾਰੀ ਰੱਖੀ ਹੈ ਅਤੇ ਅੱਜ ਕੱਲ੍ਹ ਕੈਪਟਨ ਸਰਕਾਰ ਨੂੰ ਕਿੰਨੀ ਹਿੱਸੇਦਾਰੀ ਕਮਿਸ਼ਨ ਵਜੋਂ ਮਿਲ ਰਹੀ ਹੈ, ਕਿਉਂਕਿ ਕਾਂਗਰਸ ਆਪਣੇ ਉਸ ਚੋਣ ਵਾਅਦੇ ਨੂੰ ਭੁਲਾ ਬੈਠੀ ਹੈ ਕਿ ਕਾਂਗਰਸ ਦੀ ਸਰਕਾਰ ਬਣਦਿਆਂ ਸਾਰ ਬਾਦਲਾਂ ਵੱਲੋਂ ਕੀਤੇ ਮਹਿੰਗੇ ਬਿਜਲੀ ਸਮਝੌਤੇ ਰੱਦ ਕਰ ਕੇ ਲੋਕਾਂ ਨੂੰ ਸਸਤੀ ਬਿਜਲੀ ਦਿੱਤੀ ਜਾਵੇਗੀ।

**ਦੇਖੋ ਮਾਲਿਸ਼ ਦਾ ਕਮਾਲ**

**ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ**

Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।

ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ

ਜਿਆਦਾ ਜਾਣਕਾਰੀ ਲਈ ਕਾਲ ਕਰੋ:

**647-927-2049**

# 2700 ਕਰੋੜ ਦੇ ਹੈਰੋਇਨ ਕੇਸ ਵਿੱਚ ਚਰਚਾ ਹੋਣ ਪਿੱਛੋਂ ਰਣਜੀਤ ਸਿੰਘ ਰਾਣਾ ਪਰਵਾਰ ਸਮੇਤ ਫਰਾਰ

ਰਾਮ ਤੀਰਥ, 8 ਜੁਲਾਈ (ਪੋਸਟ ਬਿਊਰੋ)- ਕੁਝ ਦਿਨ ਪਹਿਲਾਂ ਹੀ ਕੌਮਾਂਤਰੀ ਸਰਹੱਦ 'ਤੇ ਅੱਜ ਤੱਕ ਦੀ ਸਭ ਤੋਂ ਵੱਡੀ 532 ਕਿਲੋ ਹੈਰੋਇਨ ਦੀ ਖੇਪ, ਜਿਸ ਦੀ ਕੌਮਾਂਤਰੀ ਮੰਡੀ ਵਿੱਚ ਕੀਮਤ 2700 ਕਰੋੜ ਦੱਸੀ ਜਾ ਰਹੀ ਹੈ, ਫੜੀ ਜਾਣ ਦੇ ਮਾਮਲੇ ਦੀਆਂ ਤਾਰਾਂ ਰਾਮ ਤੀਰਥ ਰੋਡ ਉਤੇ ਅਕਾਲਸਰ ਕਲੋਨੀ, ਗਲੀ ਨੰਬਰ ਇੱਕ ਦੀ ਕੋਠੀ ਨੰਬਰ ਦੋ ਵਿੱਚ ਰਹਿ ਰਹੇ ਰਣਜੀਤ ਸਿੰਘ ਰਾਣਾ ਉਰਫ ਚੀਤਾ ਨਾਲ ਜੁੜਨ ਪਿੱਛੋਂ ਉਸ ਦਾ ਸਾਰਾ ਪਰਵਾਰ ਘਰ ਜਿੰਦਰੇ ਲਾ ਕੇ ਫਰਾਰ ਹੋ ਗਿਆ ਹੈ। ਬਾਬਾ ਦਰਸ਼ਨ ਸਿੰਘ ਕੁੱਲੀ ਵਾਲਿਆਂ ਦੇ ਡੇਰੇ ਕੋਲ ਇਸ ਕੋਠੀ ਨੂੰ ਕਸਟਮ ਵਿਭਾਗ ਨੇ ਸੀਲ ਕਰ ਦਿੱਤਾ ਹੈ। ਰਾਣਾ ਅਤੇ ਉਸ ਦੇ ਦੋ ਭਰਾ ਰਾਮ ਤੀਰਥ ਰੋਡ 'ਤੇ ਦੋ ਸ਼ੋਅਰੂਮ ਸੰਧੂ ਫੈਸ਼ਨ ਵਿਲਾ ਤੇ ਸੰਧੂ ਫੁੱਟ ਵੀਅਰ ਚਲਾਉਂਦੇ ਸਨ।

ਪਤਾ ਲੱਗਾ ਹੈ ਕਿ ਇਹ ਪਰਵਾਰ ਦੋ ਦਿਨ ਪਹਿਲਾਂ ਰਾਤ ਕਰੀਬ 11 ਵਜੇ ਘਰ ਅਤੇ ਸ਼ੋਅ ਰੂਮਾਂ ਨੂੰ ਜਿੰਦਰੇ ਮਾਰ ਕੇ ਖਿਸਕ ਗਿਆ ਸੀ। ਰਣਜੀਤ ਸਿੰਘ ਰਾਣਾ ਦਾ ਜੱਦੀ ਪਿੰਡ ਹਵੇਲੀਆਂ, ਥਾਣਾ ਸਰਾਏ ਅਮਾਨਤ ਖਾਂ ਜ਼ਿਲ੍ਹਾ ਤਰਨ ਤਾਰਨ ਸੀ, ਪਰ ਕੁਝ ਸਾਲ ਪਹਿਲਾਂ ਉਹ ਇਥੇ ਆ ਕੇ ਵੱਸ ਗਏ ਸਨ। ਆਂਢ-ਗੁਆਂਢ ਨਾਲ ਉਸ ਦਾ ਵਿਹਾਰ ਵਧੀਆ ਸੀ ਤੇ ਲੋਕ ਉਸ ਨੂੰ ਸ਼ਰੀਫ ਆਦਮੀ ਸਮਝਦੇ ਸਨ, ਪਰ ਉਸ ਨੂੰ ਉਸ ਦੇ ਘਰ ਰਾਤ ਦਿਨ ਆਉਂਦੀਆਂ ਵੰਨ-ਸੁਵੰਨੀਆਂ ਗੱਡੀਆਂ ਸ਼ੰਕੇ ਵਿੱਚ ਪਾਉਂਦੀਆਂ ਸਨ। ਇਸ ਪਰਵਾਰ ਦਾ ਸਮੱਗਲਿੰਗ ਨਾਲ ਪਹਿਲਾਂ ਵੀ ਨਾਂਅ ਜੁੜਦਾ ਰਿਹਾ ਹੈ, ਕਿਉਂਕਿ ਉਸ ਦਾ ਇੱਕ ਭਰਾ ਜੇਲ੍ਹ ਵਿੱਚ ਹੈ ਤੇ ਉਸ ਦੇ ਪਿਤਾ ਹਰਭਜਨ ਸਿੰਘ ਦੇ ਖਿਲਾਫ ਵੀ ਕੇਸ ਦਰਜ ਹੈ।

# ਨੰਬਰ ਪਲੇਟ ਉੱਤੇ ਗੁੱਜਰ, ਠਾਕੁਰ, ਬ੍ਰਾਹਮਣ ਲਿਖਣ ਵਾਲਿਆਂ ਦੇ ਪੁਲਸ ਨੇ ਚਲਾਨ ਕੱਟੇ

ਨਵੀਂ ਦਿੱਲੀ, 8 ਜੁਲਾਈ (ਪੋਸਟ ਬਿਊਰੋ)- ਨੋਇਡਾ ਪੁਲਸ ਨੇ ਆਪਰੇਸ਼ਨ ਕਲੀਨ-7 ਹੇਠ ਐਤਵਾਰ ਨੂੰ ਜਾਂਚ ਮੁਹਿੰਮ ਚਲਾਈ ਤੇ ਇਸ ਵਿੱਚ ਨੰਬਰ ਪਲੇਟ ਉੱਤੇ ਜਾਤੀ ਸੂਚਕ ਸ਼ਬਦ ਲਿਖੇ ਵਾਲੀਆਂ ਗੱਡੀਆਂ ਨੂੰ ਫੜਿਆ ਗਿਆ।


ਇਸ ਮੁਹਿੰਮ ਦੌਰਾਨ ਨੋਇਡਾ ਦੇ ਸ਼ਹਿਰੀ ਖੇਤਰ ਵਿੱਚ 62 ਗੱਡੀਆਂ ਨੂੰ ਸੀਜ਼ ਕੀਤਾ ਤੇ 561 ਵਾਹਨਾਂ ਦਾ ਚਲਾਨ ਕੱਟਿਆ ਗਿਆ। ਪੇਂਡੂ ਖੇਤਰ ਵਿੱਚ 37 ਵਾਹਨ ਸੀਜ਼ ਤੇ 295 ਵਾਹਨਾਂ ਦੇ ਚਾਲਾਨ ਕੱਟੇ ਗਏ। ਇਸ ਤੋਂ ਇਲਾਵਾ ਟ੍ਰੈਫਿਕ ਪੁਲਸ ਨੇ 601 ਵਾਹਨਾਂ ਦੇ ਚਲਾਨ ਕੱਟੇ। ਸਾਰੇ ਜ਼ਿਲੇ ਵਿੱਚ ਕੁਲ 99 ਵਾਹਨ ਸੀਜ਼ ਕੀਤੇ ਗਏ ਅਤੇ 457 ਵਾਹਨਾਂ ਦਾ ਚਾਲਾਨ ਕੱਟਿਆ ਗਿਆ। ਇਸ ਮੌਕੇ ਦੋਪਹੀਆ ਜਾਂ ਚਾਰ-ਪਹੀਆ ਜਾਂ ਕੋਈ ਹੋਰ ਗੱਡੀ, ਜਿਸ ਉੱਤੇ ਨੰਬਰ ਪਲੇਟ ਨਿਯਮ ਅਨੁਸਾਰ ਨਹੀਂ ਲੱਗੀ ਸੀ ਜਾਂ ਜਾਤੀਵਾਦ ਨਾਲ ਜੁੜੇ ਨਿਯਮਾਂ ਦੀ ਉਲੰਘਣਾ ਕੀਤਾ ਸੀ, ਸਾਰੇ ਵਾਹਨਾਂ ਜਾ ਚਾਲਾਨ ਕੱਟਿਆ ਗਿਆ। ਨੋਇਡ ਦੇ ਐੱਸ ਐੱਸ ਪੀ ਵੈਭਵ ਕ੍ਰਿਸ਼ਨ ਨੇ ਦੱਸਿਆ ਕਿ ਗਲਤ ਨੰਬਰ ਪਲੇਟ ਤੇ ਬਿਨ੍ਹਾਂ ਨੰਬਰ ਪਲੇਟ ਦੇ ਵਾਹਨਾਂ ਨਾਲ ਸ਼ਹਿਰ ਵਿੱਚ ਕ੍ਰਾਈਮ ਵਧ ਰਿਹਾ ਹੈ। ਇਸ ਲਈ ਅਜਿਹੇ ਵਾਹਨਾਂ ਨੂੰ ਪਛਾਣ ਕੇ ਉਨ੍ਹਾਂ ਉੱਤੇ ਕਾਰਵਾਈ ਹੋ ਰਹੀ ਹੈ। ਇਸ ਤੋਂ ਪਹਿਲਾਂ 'ਆਪਰੇਸ਼ਨ ਕਲੀਨ-6' ਦੌਰਾਨ ਨੋਇਡਾ ਪੁਲਸ ਨੇ ਉਨ੍ਹਾਂ ਲੋਕਾਂ ਨੂੰ ਗ੍ਰਿਫਤਾਰ ਕੀਤਾ ਸੀ, ਜੋ ਖੁੱਲ੍ਹੇ ਥਾਂ ਸ਼ਰਾਬ ਪੀ ਰਹੇ ਸਨ ਜਾਂ ਸ਼ਰਾਬ ਪੀ ਕੇ ਗੱਡੀ ਚਲਾਉਂਦੇ ਸਨ। ਨੋਇਡਾ ਅਤੇ ਗ੍ਰੇਟਰ ਨੋਇਡਾ ਪੁਲਸ ਆਪਰੇਸ਼ਨ ਕਲੀਨ-4 ਵੀ ਚਲਾ ਚੁੱਕੀ ਹੈ। ਇਸ ਦੇ ਤਹਿਤ ਪੁਲਸ ਨੇ ਇਨ੍ਹਾਂ ਉਨ੍ਹਾਂ ਸਭ ਬੱਸਾਂ ਨੂੰ ਜ਼ਬਤ ਕਰ ਲਿਆ ਸੀ, ਜਿਸ ਦੇ ਚਾਲਕਾਂ ਕੋਲ ਪਰਮਿਟ ਨਹੀਂ ਸੀ। ਆਪਰੇਸ਼ਨ ਕਲੀਨ-3 ਦੇ ਤਹਿਤ ਪੁਲਸ ਨੇ ਜ਼ਿਲੇ ਵਿੱਚ ਨਾਜਾਇਜ਼ ਦੌੜ ਰਹੇ ਆਟੋ ਉੱਤੇ ਸ਼ਿਕੰਜਾ ਕੱਸਿਆ ਅਤੇ ਵੱਖ-ਵੱਖ ਸਥਾਨਾਂ ਤੋਂ ਡੇਢ ਹਜ਼ਾਰ ਦੇ ਕਰੀਬ ਆਟੋ ਉੱਤੇ ਕਾਰਵਾਈ ਕੀਤੀ ਸੀ।

# ਭਾਜਪਾ ਨੇਤਾ ਵਾਲੀ ਕੰਪਨੀ ਦੇ ਜਹਾਜ਼ ਉੱਤੇ 10 ਬਾਗੀ ਕਾਂਗਰਸੀ ਵਿਧਾਇਕ ਮੁੰਬਈ ਪੁੱਜੇ

ਬੰਗਲੌਰ, 8 ਜੁਲਾਈ (ਪੋਸਟ ਬਿਊਰੋ)- ਕਾਂਗਰਸ ਅਤੇ ਜਨਤਾ ਦਲ (ਐੱਸ) ਦੇ 10 ਬਾਗੀ ਵਿਧਾਇਕ ਜਿਸ ਚਾਰਟਰਡ ਪਲੇਨ 'ਚ ਬੰਗਲੌਰ ਤੋਂ ਮੁੰਬਈ ਗਏ, ਉਹ ਭਾਜਪਾ ਦੇ ਰਾਜ ਸਭਾ ਮੈਂਬਰ ਰਾਜੀਵ ਚੰਦਰ ਸ਼ੇਖਰ ਨਾਲ ਜੁੜੀ ਇੱਕ ਕੰਪਨੀ ਦਾ ਦੱਸਿਆ ਜਾ ਰਿਹਾ ਹੈ, ਜਿਸ ਤੋਂ ਸਿਆਸਤ ਦੇ ਨਵੇਂ ਰੰਗ ਦਾ ਪਤਾ ਲੱਗਦਾ ਹੈ।

ਇਸ ਕੰਪਨੀ ਦੇ ਸੂਤਰਾਂ ਨੇ ਦੱਸਿਆ ਕਿ ਇਹ ਜਹਾਜ਼ ਜੂਪੀਟਰ ਕੈਪੀਟਲ ਪ੍ਰਾਈਵੇਟ ਲਿਮਟਿਡ ਦਾ ਹੈ ਅਤੇ ਚੰਦਰ ਸ਼ੇਖਰ ਇਸ ਕੰਪਨੀ ਦੇ ਸੰਸਥਾਪਕ ਤੇ ਚੇਅਰਮੈਨ ਹਨ। ਕੰਪਨੀ ਅਧਿਕਾਰੀਆਂ ਨੇ ਮੰਨਿਆ ਹੈ ਕਿ ਵਿਧਾਇਕਾਂ ਨੂੰ ਲਿਜਾਣ ਵਾਲਾ ਜਹਾਜ਼ ਜੁਪੀਟਰ ਕੈਪੀਟਲ ਕੰਪਨੀ ਦਾ ਹੈ। ਉਨ੍ਹਾਂ ਨੇ ਇਹ ਸਪੱਸ਼ਟ ਕੀਤਾ ਕਿ ਉਹ ਇੱਕ ਕੰਪਨੀ ਚਲਾ ਰਹੇ ਹਨ ਤੇ ਜੋ ਕੋਈ ਵੀ ਜਹਾਜ਼ ਦੀ ਵਰਤੋਂ ਕਰਨਾ ਚਾਹੁੰਦਾ ਹੈ ਤਾਂ ਕਰ ਸਕਦਾ ਹੈ।

# ਸੁਪਰੀਮ ਕੋਰਟ ਨੇ ਫ਼ਿਲਮ ਆਰਟੀਕਲ 15 ਉੱਤੇ ਰੋਕ ਲਾਉਣ ਤੋਂ ਨਾਂਹ ਕੀਤੀ



ਨਵੀਂ ਦਿੱਲੀ, 8 ਜੁਲਾਈ (ਪੋਸਟ ਬਿਊਰੋ)- ਹਿੰਦੀ ਫ਼ਿਲਮ 'ਆਰਟੀਕਲ 15' ਨੂੰ ਚੁਣੌਤੀ ਦੇਣ ਵਾਲੀ ਬ੍ਰਾਹਮਣ ਸਮਾਜ ਆਫ਼ ਇੰਡੀਆ ਦੀ ਪਟੀਸ਼ਨ ਦੀ ਸੁਣਵਾਈ ਕਰਨ ਸੁਪਰੀਮ ਕੋਰਟ ਨੇ ਤੋਂ ਇਨਕਾਰ ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ ਪਟੀਸ਼ਨਰ ਨੂੰ ਇਹ ਕਿਹਾ ਕਿ ਉਹ ਫ਼ਿਲਮ ਉੱਤੇ ਆਪਣੇ ਇਤਰਾਜ਼ ਢੁਕਵੇਂ ਫੋਰਮ ਵਿੱਚ ਰੱਖਣ। ਪਟੀਸ਼ਨ ਵਿੱਚ ਮੌਲਿਕ ਅਧਿਕਾਰ ਦਾ ਉਲੰਘਣ ਅਤੇ ਵੈਰ-ਵਿਰੋਧ ਫੈਲਾਉਣ ਦਾ ਖ਼ਦਸ਼ਾ ਦੱਸਿਆ ਗਿਆ ਸੀ।

ਆਯੁਸ਼ਮਾਨ ਖੁਰਾਣਾ ਦੀ ਫ਼ਿਲਮ ਆਰਟੀਕਲ 15 ਬਾਕਸ ਆਫਿਸ ਉੱਤੇ ਚੰਗੀ ਕਮਾਈ ਕਰ ਰਹੀ ਹੈ। ਫ਼ਿਲਮ ਦਾ ਬਜਟ ਜ਼ਿਆਦਾ ਨਹੀਂ ਤੇ ਵਿਸ਼ਾ ਵੀ ਵੱਖਰਾ ਹੈ, ਜਿਸ ਕਾਰਨ ਘੱਟ ਕੁਲੈਕਸ਼ਨ ਦੀ ਉਮੀਦ ਸੀ, ਪਰ ਫ਼ਿਲਮ ਸਿਨੇਮਾਘਰਾਂ ਵਿੱਚ ਸ਼ਾਹਿਦ ਕਪੂਰ ਦੀ ਕਬੀਰ ਸਿੰਘ ਦੇ ਬਾਵਜੂਦ ਚੰਗਾ ਪ੍ਰਦਰਸ਼ਨ ਹੋਇਆ ਹੈ। ਰਿਲੀਜ਼ ਤੋਂ ਅੱਠਵੇਂ ਦਿਨ ਸ਼ੁੱਕਰਵਾਰ ਨੂੰ ਫ਼ਿਲਮ ਨੇ ਕਰੀਬ 5 ਕਰੋੜ ਹੋਰ ਕਮਾਈ ਵਿੱਚ ਜੋੜ ਲਏ। ਵਰਣਨ ਯੋਗ ਹੈ ਕਿ ਅਨੁਭਵ ਸਿਨਹਾ ਵੱਲੋਂ ਡਾਇਰੈਕਟ ਕੀਤੀ 'ਆਰਟੀਕਲ 15' ਇਕ ਸੰਜੀਦਾ ਫ਼ਿਲਮ ਹੈ, ਜੋ ਉੱਤਰ ਪ੍ਰਦੇਸ਼ ਵਿੱਚ ਹੋਏ ਬਲਾਤਕਾਰ ਦੀ ਸ਼ਰਮਨਾਕ ਘਟਨਾ ਤੋਂ ਪ੍ਰੇਰਿਤ ਹੈ। ਇਸ ਦੇ ਨਾਲ ਸਮਾਜ ਵਿੱਚ ਜਾਤੀ ਆਧਾਰ ਭੇਦਭਾਵ ਦਾ ਮੁੱਦਾ ਉਭਾਰਦੀ ਫ਼ਿਲਮ ਵਿੱਚ ਸਿਸਟਮ ਉੱਤੇ ਤਿੱਖਾ ਵਾਰ ਕੀਤਾ ਗਿਆ ਹੈ। ਆਰਟੀਕਲ 15 ਵਿੱਚ ਆਯੁਸ਼ਮਾਨ ਖੁਰਾਣਾ ਆਈ ਪੀ ਐੱਸ ਅਫ਼ਸਰ ਦੀ ਭੂਮਿਕਾ ਵਿੱਚ ਆਏ ਹਨ ਤੇ ਉਨ੍ਹਾਂ ਦੀ ਸ਼ਲਾਘਾ ਹੋਈ ਹੈ।

**ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ**




- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:

**647.898.4042/416.505.6857**

(Call from 9am to 6pm)



Marriage

**Matrimonial**

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

Saini Sikh ਲੜਕਾ, Age 25 ਸਾਲ, Hight 5ft 6 inch, Rang Gora, Parmanent in Italy, Back home Nawanshahr. ਲੜਕੇ ਦਾ ਚਾਚਾ ਤੇ ਭੂਆ Citizen in Canada, ਲੜਕਾ visitor in Canada. ਸੰਪਰਕ: 905-840-4516,647-657-9157

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੂਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਸਿੱਖ ਸੈਣੀ ਸਿਟੀਜਨ, ਉਮਰ 27 ਸਾਲ, ਕੱਦ 5 ਫੁੱਟ 6 ਇੰਚ, BSc Graduate, ਵਧੀਆ IT ਜੋਬ ਕਰਦੇ ਲੜਕੇ ਲਈ ਕੈਨੇਡੀਅਨ ਸਿਟੀਜਨ \ ਪੀ ਆਰ ਲੜਕੀ ਦੀ ਲੋੜ ਹੈ। ਕੈਨੇਡੀਅਨ ਸਿਟੀਜਨ ਨੂੰ ਪਹਿਲ। ਸੰਪਰਕ ਕਰੋ : 416-662-0730 ਜਾਂ ਫੇਰ ਈ-ਮੇਲ ਕਰੋ:sainig5@yahoo.ca

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11'', ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

**Match needed for well settled 5'4'', 46 yrs old. Doing Govt Job in India. Holding visitir visa of Canada. She has 14 yrs old son. Contact +91-7986385880**

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4'', +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

**Cell n Tell Distribution Inc.**

1-401 Traders Blvd E, Mississauga, ON

Requires F/T Permanent Position, "Cellular Telephone Technician" to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

**ਫੋਨਾਂ ਦੇ ਸਸਤੇ ਪਲਾਨ** ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

**(905)790-9999**

2565 Steeles Ave. E, Brampton (Steeles/Torbram)

**Cell n Tell Distribution Inc.**

1-401 Traders Blvd E, Mississauga, ON

Requires F/T Permanent Position, 30 Hrs P/Week "Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.

- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com

**STARLANE PAINTING**

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

SATISFACTION 100% GUARANTEE



ਹਰਜੀਤ ਧਨੋਆ

416.230.4000 • 647.409.1092

www.STARLANEPAINTING.com

## 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮ ਲਈ ਪ੍ਰੋ. ਮੋਹਨ ਸਿੰਘ ਫਾਊਂਡੇਸ਼ਨ ਦੀ ਪੇਸ਼ਕਸ਼



ਲੁਧਿਆਣਾ, 8 ਜੁਲਾਈ (ਗਿਆਨ ਸਿੰਘ): ਪ੍ਰੋਫੈਸਰ ਮੋਹਨ ਸਿੰਘ ਫਾਊਂਡੇਸਨ ਦੇ ਪ੍ਰਧਾਨ ਸ. ਪ੍ਰਗਟ ਸਿੰਘ ਗਰੇਵਾਲ, ਸਕੱਤਰ ਜਨਰਲ ਪ੍ਰੋਫੈਸਰ ਨਿਰਮਲ ਜੌੜਾ, ਚੇਅਰਮੈਨ ਇੰਦਰਜੀਤ ਸਿੰਘ ਗਰੇਵਾਲ, ਗੁਰਨਾਮ ਸਿੰਘ ਧਾਲੀਵਾਲ, ਕੈਪਟਨ ਹਰਜਿੰਦਰ ਸਿੰਘ ਅਤੇ ਸਰਪੰਚ ਸ ਜਗਜਿੰਦਰਾ ਸਿੰਘ ਨੇ ਅੱਜ ਪੰਜਾਬ ਦੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਉਨਾਂ ਦੇ ਕੈਂਪ ਦਫਤਰ ਵਿਖੇ ਮੁਲਾਕਾਤ ਕੀਤੀ।

ਇਸ ਮੌਕੇ ਪ੍ਰੋ. ਮੋਹਨ ਸਿੰਘ ਫਾਂਉਡੇਸ਼ਨ ਨੇ ਪੰਜਾਬ ਸਰਕਾਰ ਵੱਲੋਂ ਸੁਲਤਾਨਪੁਰ ਲੋਧੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ ਪੁਰਬ ਸਮਾਗਮਾਂ ਵਿੱਚ ਭਾਗੀਦਾਰ ਬਣਨ ਲਈ ਪ੍ਰਸਤਾਵ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਕੋਲ ਰੱਖਿਆ। ਪ੍ਰੋ. ਮੋਹਨ ਸਿੰਘ ਫਾਂਉਡੇਸ਼ਨ ਨੇ ਪ੍ਰਤਾਵ ਪੇਸ਼ ਕੀਤਾ ਹੈ ਕਿ ਫਾਂਉਡੇਸ਼ਨ ਇਹਨਾਂ ਸਮਾਗਮਾਂ ਵਿੱਚ ਨਿਰੋਲ ਧਾਰਮਿਕ ਅਤੇ ਬਾਬਾ ਨਾਨਕ ਜੀ ਦੀਆਂ ਸਿੱਖਿਆ ਦੇ ਆਧਾਰ 'ਤੇ ਹੀ ਸੰਗੀਤਕ ਪੇਸਕਾਰੀਆਂ ਸਬੰਧੀ ਪ੍ਰੋਗਰਾਮ ਕਰਵਾਉਣਾ ਚਾਹੁੰਦੀ ਹੈ।ਫਾਊਡੇਸਨ ਵੱਲੋਂ ਢਾਡੀ, ਕਵੀਸਰ, ਧਾਰਮਿਕ ਸੰਗੀਤ, ਧਾਰਮਿਕ ਨਾਟਕ ਅਤੇ ਬਾਬਾ ਨਾਨਕ ਜੀ ਦੇ ਜੀਵਨ ਅਧਾਰਤ ਪ੍ਰਦਰਸਨੀਆਂ ਲਾਈਆਂ ਜਾਣ ਬਾਰੇ ਪ੍ਰਸਤਾਵ ਪੇਸ਼ ਕੀਤਾ ਗਿਆ।

ਚੰਨੀ ਨੇ ਇਸ ਪ੍ਰਸਤਾਵ ਨਾਲ ਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਪ੍ਰੋ. ਮੋਹਨ ਸਿੰਘ ਫਾਂਉਡੇਸ਼ਨ ਵਲੋਂ ਦਿੱਤੇ ਗਏ ਪ੍ਰਸਤਾਵ ਨਾਲ ਉਹ ਮੁਢਲੇ ਰੂਪ ਵਿਚ ਸਹਿਮਤ ਹਨ, ਪਰ ਇਸ ਨੂੰ ਅਮਲੀ ਰੂਪ ਵਿਚ ਪ੍ਰਵਾਨਗੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਵਿਚਾਰ ਕਰਨ ਕਰਨ ਉਪਰੰਤ ਦਿੱਤੀ ਜਾਵੇਗੀ।

ਪੰਜਾਬ ਦੇ ਸਭਿਆਚਾਰਕ ਮਾਮਲ਼ਿਆਂ ਬਾਰੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿਹਾ ਕਿ ਅਵਾਮ ਦੀ ਸੱਭਿਆਚਾਰਕ ਤੰਦਰੁਸਤੀ ਹੀ ਕਿਸੇ ਕੌਮ ਦੀ ਕਾਮਯਾਬੀ ਦਾ ਰਾਜ ਹੁੰਦੀ ਹੈ। ਚੰਨੀ ਨੇ ਕਿਹਾ ਕਿ ਪੰਜਾਬ ਅਤੇ ਵਿਦੇਸਾਂ ਵਿੱਚ ਪੰਜਾਬੀ ਸਭਿਆਚਾਰ, ਸਾਹਿਤ, ਕਲਾ, ਗੀਤ ਸੰਗੀਤ ਲਈ ਯਤਨਸੀਲ ਸੰਸਥਾਵਾਂ ਜੇਕਰ ਇੱਕਠਿਆਂ ਹੋਕੇ ਇੱਕ ਮੰਚ ਕੰਮ ਕਰਨ ਤਾਂ ਅਸੀਂ ਪੰਜਾਬ ਨੂੰ ਹੋਰ ਚੜਦੀ ਕਲਾ ਵੱਲ ਲੈਜਾ ਸਕਦੇ ਹਾਂ। ਉਨਾਂ ਪ੍ਰੋਫੈਸਰ ਮੋਹਨ ਸਿੰਘ ਫਾਊਂਡੇਸਨ ਵੱਲੋਂ ਪੰਜਾਬ ਵਿੱਚ ਤੋਰੀ ਸਭਿਆਚਾਰਕ ਲਹਿਰ ਦੀ ਸਲਾਘਾ ਵੀ ਕੀਤੀ। ਉਹਨਾਂ ਕਿਹਾ ਸਮਾਜਿਕ ਬੁਰਾਈਆਂ ਅਤੇ ਦੇਸ ਦੀਆ ਦੁਸਮਣ ਤਾਕਤਾਂ ਦਾ ਟਾਕਰਾ ਕਰਨ ਲਈ ਸਾਰਥਿਕ ਗੀਤ ਸੰਗੀਤ, ਉਸਾਰੂ ਸਾਹਿਤ , ਕੋਮਲ ਕਲਾਵਾਂ ਅਤੇ ਵਿਰਾਸਤੀ ਕਲਾਵਾਂ ਦਾ ਗਿਆਨ ਹੀ ਤਾਕਤ ਬਣਦਾ ਹੈ ।

ਚੰਨੀ ਵੱਲੋਂ ਫਾਊਂਡੇਸਨ ਦੇ ਇਸ ਪ੍ਰਸਤਾਵ ਨੂੰ ਦਿੱਤੇ ਉਤਸਾਹੀ ਹੁੰਗਾਰੇ ਲਈ ਪ੍ਰੋ ਨਿਰਮਲ ਜੌੜਾ ਨੇ ਸ. ਚੰਨੀ ਦਾ ਧੰਨਵਾਦ ਕੀਤਾ।

## ਦਾਰਾਪੁਰ, ਮਹੇਸ਼ਰੀ ਵਿਖੇ ਸਾਲਿਡ ਵੇਸਟ ਮੈਨੇਜਮੈਂਟ ਪ੍ਰੋਜੈਕਟ ਦਾ ਉਦਘਾਟਨ

ਮੋਗਾ, 8 ਜੁਲਾਈ (ਗਿਆਨ ਸਿੰਘ): ਵਿਧਾਇਕ ਡਾ. ਹਰਜੋਤ ਕਮਲ ਅਤੇ ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸੰਦੀਪ ਹੰਸ ਨੇ ਅੱਜ ਪਿੰਡ ਦਾਰਾਪੁਰ ਵਿਖੇ 5 ਲੱਖ ਰੁਪਏ ਦੀ ਲਾਗਤ ਵਾਲੇ ਸਾਲਿਡ ਵੇਸਟ ਮੈਨੇਜਮੈਂਟ ਪ੍ਰੋਜੈਕਟ ਦਾ ਉਦਘਾਟਨ ਕੀਤਾ ਅਤੇ ਸੀਚੇਵਾਲ ਮਾਡਲ ਤੇ ਆਧਾਰਿਤ ਛੱਪੜਾਂ ਦੀ ਸਫਾਈ ਦੇ ਕੰਮ ਦਾ ਨੀਹ ਪੱਥਰ ਵੀ ਰੱਖਿਆ। ਇਹ ਪ੍ਰੋਜੈਕਟ ਸਚ ਐਨ.ਜੀ.ਓ. ਅਤੇ ਐਚ.ਡੀ.ਐਫ.ਸੀ. ਦੀ ਪਰਿਵਰਤਨ ਪ੍ਰੀਯੋਜਨਾ ਦੇ ਤਹਿਤ ਲਗਾਇਆ ਜਾਵੇਗਾ।




ਵਿਧਾਇਕ ਮੋਗਾ ਡਾ. ਹਰਜੋਤ ਕਮਲ ਨੇ ਸਾਲਿਡ ਵੇਸਟ ਮੈਨੇਜਮੈਂਟ ਦਾ ਉਦਘਾਟਨ ਕਰਦਿਆਂ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਪਿੰਡ ਦਾਰਾਪੁਰ ਦੇ 355 ਘਰਾਂ ਵਿੱਚ 2-2 ਡਸਟਬਿਨਾਂ ਦੀ ਵੰਡ ਕੀਤੀ ਜਾਵੇਗੀ। ਇਨ੍ਹਾਂ ਨੀਲੇ ਅਤੇ ਹਰੇ ਰੰਗ ਦੇ ਦੋ ਵੱਖ-ਵੱਖ ਡਸਟਬਿਨਾਂ ਵਿੱਚ ਗਿੱਲਾ ਅਤੇ ਸੁੱਕਾ ਕੂੜਾ ਅਲੱਗ-ਅਲੱਗ ਰੱਖਿਆ ਜਾਵੇਗਾ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਪਿੰਡ ਦਾਰਾਪੁਰ ਨੂੰ ਇੱਕ ਈ-ਰਿਕਸ਼ਾ ਦੇ ਨਾਲ ਡਰਾਇਵਰ ਅਤੇ ਸਟਾਫ ਵੀ ਮੁਹੱਈਆ ਕਰਵਾਇਆ ਜਾਵੇਗਾ, ਜੋ ਕਿ 6 ਮਹੀਨੇ ਤੱਕ ਪਿੰਡ ਦੇ ਲੋਕਾਂ ਨੂੰ ਗਿੱਲੇ ਅਤੇ ਸੁੱਕੇ ਕੂੜੇ ਤੋ ਖਾਦ ਤਿਆਰ ਕਰਨ ਦੇ ਤਰੀਕਿਆ ਤੋ ਜਾਣੂੰ ਕਰਵਾਏਗਾ। ਉਨ੍ਹਾਂ ਪਿੰਡ ਵਾਲਿਆਂ ਨੂੰ ਅਪੀਲ ਕੀਤੀ ਕਿ 6 ਮਹੀਨਿਆਂ ਤੋ ਬਾਅਦ ਉਹ ਆਪਣੇ ਪੱਧਰ ਤੇ ਇਸ ਪ੍ਰੋਜੈਕਟ ਨੂੰ ਜਾਰੀ ਰੱਖਣ।

ਉਨ੍ਹਾਂ ਕਿਹਾ ਕਿ ਬਿਲਕੁਲ ਇਸੇ ਤਰ੍ਹਾਂ ਦਾ ਪ੍ਰੋਜੈਕਟ ਨਾਲ ਦੇ ਪਿੰਡ ਮਹੇਸ਼ਰੀ ਜਿਸ ਵਿੱਚ 700 ਘਰ ਹਨ ਵਿੱਚ ਵੀ ਕੁਝ ਹੀ ਦਿਨਾਂ ਵਿੱਚ ਚਲਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਐਚ.ਡੀ.ਐਫ.ਸੀ. ਬੈਕ ਦੁਆਰਾ ਹੋਰ ਪੰਜ ਪਿੰਡਾਂ ਨੂੰ ਵੀ ਸਾਲਿਡ ਵੇਸਟ ਮੈਨੇਜਮੈਂਟ ਯੋਜਨਾ ਤਹਿਤ ਕਵਰ ਕੀਤਾ ਜਾਵੇਗਾ।ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਸੀਚੇਵਾਲ ਮਾਡਲ ਬਾਰੇ ਜਾਣਕਰੀ ਦਿੰਦਿਆਂ ਦੱਸਿਆ ਕਿ ਇਹ ਮਾਡਲ ਸਾਈਕਲੋਨ ਵਿਧੀ ਨਾਲ ਕੰਮ ਕਰਦਾ ਹੈ, ਜਿਸ ਵਿੱਚ ਆਉਣ ਵਾਲਾ ਪਿੰਡ ਦਾ ਗੰਦਾ ਪਾਣੀ ਛੱਪੜ ਵਿੱਚ ਜਾਣ ਤੋ ਪਹਿਲਾਂ ਤਿੰਨ ਖੂਹਾਂ ਵਿੱਚੋ ਹੋ ਕੇ ਗੁਜ਼ਰਦਾ ਹੈ ਜਿਸ ਨਾਲ ਸਾਲਿਡ ਅਤੇ ਤੇਲ ਵਾਲਾ ਕੂੜਾ ਖੂਹਾਂ ਵਿੱਚ ਹੀ ਰਹਿ ਜਾਂਦਾ ਹੈ ਅਤੇ ਸਿਰਫ ਰਿਫਾਇੰਡ ਹੋਇਆ ਪਾਣੀ ਹੀ ਛੱਪੜ ਵਿੱਚ ਜਾਂਦਾ ਹੈ ਜੋ ਕਿ ਖੇਤਾਂ ਵਿੱਚ ਖਾਦ ਦੀ ਤਰ੍ਹਾਂ ਕੰਮ ਕਰਦਾ ਹੈ। ਉਨ੍ਹਾਂ ਦੱਸਿਆ ਕਿ ਸੀਚੇਵਾਲ ਮਾਡਲ ਨੂੰ ਬਣਾਉਣ ਲਈ 20 ਲੱਖ ਰੁਪਏ ਦੀ ਲਾਗਤ ਆਵੇਗੀ ਜਿਸ ਵਿੱਚੋ 12 ਲੱਖ ਰੁਪਏ ਮਗਨਰੇਗਾ ਅਧੀਨ ਅਤੇ 8 ਲੱਖ ਰੁਪਏ ਐਚ.ਡੀ.ਐਫ.ਸੀ. ਬੈਕ ਦੁਆਰਾ ਲਗਾਏ ਜਾਣਗੇ।

ਉਨ੍ਹਾਂ ਦੱਸਿਆ ਕਿ ਸਾਨੂੰ ਤਨ-ਮਨ ਨਾਲ ਵਾਤਾਵਰਨ ਦੀ ਦੇਖਭਾਲ ਕਰਨੀ ਚਾਹੀਦੀ ਹੈ ਅਤੇ ਕੁਦਰਤੀ ਸ੍ਰੋਤਾਂ ਦਾ ਦੁਰਉਪਯੋਗ ਬਿਲਕੁਲ ਵੀ ਨਹੀ ਕਰਨਾ ਚਾਹੀਦਾ । ਪ੍ਰਦੂਸ਼ਣ ਯੁਕਤ ਵਾਤਾਵਰਨ ਸਾਡੀ ਸਿਹਤ ਨੂੰ ਹਾਨੀਕਾਰਕ ਅਤੇ ਭਿਆਨਕ ਬਿਮਾਰੀਆਂ ਨਾਲ ਜੋੜਦਾ ਹੈ। ਸਾਨੂੰ ਕੂੜਾ ਕਰਕਟ ਨੂੰ ਪਹਿਲਾਂ ਵਾਂਗ ਖੁੱਲ੍ਹੀਆਂ ਥਾਵਾਂ ਤੇ ਸੁੱਟਣ ਦੀਆਂ ਆਦਤਾਂ ਛੱਡ ਕੇ ਇਸ ਨੂੰ ਤਕਨੀਕੀ ਢੰਗਾਂ ਨਾਲ ਡਿਸਪੋਜ਼ ਕਰਨਾ ਚਾਹੀਦਾ ਹੈ ਤਾਂ ਕਿ ਅਸੀ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋ ਬਚਾ ਸਕੀਏ।

## ਕਾਨੂੰਨੀ ਨੋਟਿਸ

This is a Notice of Proceedings for Jalwinder Singh Sidhu . A legal proceeding has been commenced against you with court file no: 122/19. You must contact the lawyer for the Applicant Guruveent Sangha at 905-497-7200 or the courthouse at 7755 Hurontario Street, Brampton, ON immediately if you wish to file an answer/defend yourself in this proceeding. Should you fail to do so orders may be made against you in your absence and without any further notice.

ਇਹ ਨੋਟਿਸ ਜਲਵਿੰਦਰ ਸਿੰਘ ਸਿੱਧੂ ਸਬੰਧੀ ਪ੍ਰੋਸੀਡਿੰਗਜ਼ ਲਈ ਹੈ। ਤੁਹਾਡੇ ਖਿਲਾਫ ਕਾਨੂੰਨੀ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ ਜਿਸ ਦਾ ਕੋਰਟ ਫਾਈਲ ਨੰ:122/19 ਹੈ। ਜੇ ਤੁਸੀਂ ਇਸ ਸਬੰਧੀ ਜਵਾਬ ਦੇਣਾ ਚਾਹੁੰਦੇ ਹੋਂ ਜਾਂ ਖੁਦ ਦਾ ਬਚਾਅ ਕਰਨਾ ਚਾਹੁੰਦੇ ਹੋਂ ਤਾਂ ਤੁਹਾਨੂੰ ਬਿਨੈਕਰਤਾ ਗੁਰੂਵੀਂਤ ਸੰਘਾ ਦੇ ਵਕੀਲ ਨਾਲ 905-497-7200 ਉੱਤੇ ਸੰਪਰਕ ਕਰਨਾ ਚਾਹੀਦਾ ਹੈ ਜਾਂ 7755 ਹੁਰੌਨਤਾਰੀਓ ਸਟਰੀਟ,ਬਰੈਂਪਟਨ,ਓਨਟਾਰੀਓ ਸਥਿਤ ਕੋਰਟਹਾਊਸ ਵਿਖੇ ਮੁਲਾਕਾਤ ਕਰਨੀ ਚਾਹੀਦੀ ਹੈ। ਜੇ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹੋਂ ਤਾਂ ਤੁਹਾਡੀ ਗੈਰਹਾਜ਼ਰੀ ਵਿੱਚ ਤੇ ਬਿਨਾਂ ਕੋਈ ਅਗਾਊਂ ਨੋਟਿਸ ਦੇ ਤੁਹਾਡੇ ਖਿਲਾਫ ਆਰਡਰ ਜਾਰੀ ਕੀਤੇ ਜਾ ਸਕਦੇ ਹਨ।

## ਈਰਾਨ ਨੇ ਮੰਨਿਆ: ਸਮਝੌਤੇ ਵਿੱਚ ਮਿਥੀ ਯੂਰੇਨੀਅਮ ਸੋਧਣ ਦੀ ਹੱਦ ਟੱਪੀ ਗਈ ਹੈ

ਤਹਿਰਾਨ, 8 ਜੁਲਾਈ, (ਪੋਸਟ ਬਿਊਰੋ)-ਈਰਾਨ ਦੀ ਸਰਕਾਰ ਨੇ ਸਾਲ 2015 ਵਿੱਚਕੀਤੇ ਗਏਐਟਮੀ ਸਮਝੌਤੇਦੇ ਮੁਤਾਬਕ ਯੂਰੇਨੀਅਮ ਸੋਧਣ ਦੀ ਤੈਅ ਹੱਦ ਤੋੜ ਦਿੱਤੀ ਤੇ ਯੂਰਪ ਨੂੰ ਬਦਲੇ ਦੀ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਕਰਨ ਦੇ ਖ਼ਿਲਾਫ਼ ਚਿਤਾਵਨੀ ਦੇ ਦਿੱਤੀ ਹੈ। ਉਸ ਦੇ ਇਸ ਤਾਜ਼ਾ ਕਦਮ ਨਾਲ ਇਰਾਨ ਦਾ ਯੂਰੇਨੀਅਮ ਸੋਧਣਾ 4.5 ਫ਼ੀਸਦੀ ਤੋਂ ਟੱਪ ਗਿਆ ਹੈ ਤੇਉਸ ਨੇ ਇਹ ਕਦਮ ਇਰਾਨ ਤੇ ਸੰਸਾਰ ਦੀਆਂ ਸ਼ਕਤੀਆਂ ਵਿਚਕਾਰ ਹੋਏ ਚਰਚਿਤ ਸਮਝੌਤੇ ਤੋਂ ਅਮਰੀਕਾ ਦੇ ਬਾਹਰ ਨਿਕਲ ਜਾਣ ਤੋਂ ਇਕ ਸਾਲ ਬਾਅਦ ਚੁੱਕਿਆ ਹੈ।

ਅੱਜ ਇਸ ਸੰਬੰਧ ਵਿੱਚ ਈਰਾਨ ਦੇ ਐਟਮੀ ਸੰਗਠਨ ਦੇ ਬੁਲਾਰੇ ਬੇਹਰੋਜ਼ ਕਾਮਾਲਵਾਂਡੀ ਨੇ ਮੰਨਿਆ ਕਿ ਈਰਾਨ ਨੇ ਯੂਰੇਨੀਅਨ ਸੋਧਣ ਦੀ ਹੱਦ ਟੱਪ ਲਈ ਹੈ ਤੇ ਇਹ ਸੋਧ 4.5 ਫ਼ੀਸਦੀ ਤਕ ਪਹੁੰਚ ਗਈ ਹੈ। ਇਰਾਨ ਦੀ ਅਰਧ ਸਰਕਾਰੀ ਸਮਾਚਾਰ ਏਜੰਸੀ ਇਸਨਾ ਮੁਤਾਬਕ ਇਹ ਦੇਸ਼ ਆਪਣੀਆਂ ਫਿਊਲ ਦੀਆਂ ਲੋੜਾਂ ਨੂੰ ਪੂਰਾ ਕਰੇਗਾ। ਕਾਮਾਲਵਾਂਡੀ ਨੇ ਇਹ ਸੰਕੇਤ ਦਿੱਤਾ ਕਿ ਇਰਾਨ ਦੀ ਇਸਲਾਮਿਕ ਰਿਪਬਲਿਕ ਥੋੜ੍ਹੇ ਸਮੇਂ ਲਈ ਸੋਧ ਦੀ ਇਹ ਹੱਦ ਰੱਖ ਸਕਦੀ ਹੈ ਤੇ ਇਹ ਹੱਦ ਐਟਮੀ ਹਥਿਆਰ ਬਣਾਉਣ ਲਈ ਲੋੜੀਂਦੇ 90 ਫ਼ੀਸਦੀ ਦੇ ਪੱਧਰ ਤੋਂ ਹਾਲੇ ਵੀ ਹੇਠਾਂ ਹੈ। ਇਸ ਮੌਕੇਈਰਾਨ ਦੇ ਵਿਦੇਸ਼ ਮੰਤਰਾਲੇ ਨੇ ਕਿਸੇ ਕਿਸਮ ਦੇ ਭੜਕਾਊ ਕਦਮ ਦੇ ਖ਼ਿਲਾਫ਼ ਚਿਤਾਵਨੀ ਦਿੱਤੀ ਹੈ। ਮੰਤਰਾਲੇ ਦੇ ਬੁਲਾਰੇ ਅੱਬਾਸ ਮੌਸਾਵੀ ਨੇ ਕਿਹਾ ਹੈ ਕਿ ਜੇ ਯੂਰਪੀ ਦੇਸ਼ ਕੁਝ ਵੀ ਮਾੜਾ ਕੰਮ ਕਰਨ ਤੁਰੇ ਤਾਂ ਅਸੀਂ ਉਸ ਵੇਲੇ ਆਖਰੀ ਕਦਮ ਚੁੱਕਾਂਗੇ, ਪਰ ਉਨ੍ਹਾਂ ਇਹ ਨਹੀਂਦੱਸਿਆ ਕਿ ਆਖ਼ਰੀ ਕਦਮ ਕੀ ਹੋਵ-ੇਗਾ।

ਵਰਨਣ ਯੋਗ ਹੈ ਕਿ ਰਾਸ਼ਟਰਪਤੀ ਹਸਨ ਰੂਹਾਨੀ ਪਹਿਲਾਂ ਚਿਤਾਵਨੀ ਦੇ ਚੁੱਕੇ ਸਨ ਕਿ ਈਰਾਨ ਐਟਮੀ ਸਮਝੌਤੇ ਤੋਂ ਬਾਹਰ ਹੋ ਸਕਦਾ ਹੈ।ਈਰਾਨ ਦੇ ਉਪ ਵਿਦੇਸ਼ ਮੰਤਰੀ ਅੱਬਾਸ ਅਰਾਗਾਚੀ ਨੇ ਬੀਤੇ ਐਤਵਾਰ ਕਿਹਾ ਸੀ ਕਿ ਆਰਥਿਕ ਪਾਬੰਦੀਆਂ ਦਾ ਉਨ੍ਹਾਂ ਦਾ ਦੇਸ਼ ਉੱਤੇ ਪੈ ਰਿਹਾ ਅਸਰ ਇੱਕੋ ਇਕ ਮੁੱਦਾ ਹੈ, ਜਿਸ ਦਾ ਹੱਲ ਹੋਣਾ ਚਾਹੀਦਾ ਹੈ ਤੇ ਇਹ ਹੱਲ ਨਾ ਹੋਇਆ ਤਾਂ ਇਰਾਨ ਆਪਣੀ ਐਟਮੀ ਪ੍ਰਤੀਬੱਧਤਾਤੋਂ ਪਿੱਛੇ ਹਟਣ ਨੂੰ ਮਜ਼ਬੂਰ ਹੋਵੇਗਾ। ਈਰਾਨ ਨੇ ਕਿਹਾ ਹੈ ਕਿ ਉਹ ਸਮਝੌਤੇ ਦੀ ਉਲੰਘਣਾ ਨਹੀਂ ਕਰ ਰਿਹਾ, ਕਿਉਂਕਿ ਸਮਝੌਤੇ ਵਿੱਚ-ਦਰਜ ਸੀ ਕਿ ਜੇ ਕਿਸੇ ਪੱਖ ਨੂੰ ਲੱਗਦਾ ਹੈ ਕਿ ਦੂਸਰਾ ਪੱਖ ਆਪਣੀ ਭੂਮਿਕਾ ਅਦਾ ਨਹੀਂ ਕਰਦਾ ਤੇ ਉਹ ਕੁਝ ਸਮੇਂ ਲਈ ਸਮਝੌਤੇ ਦੀਆਂ ਬੰਧਸ਼ਾਂਤੋਂ ਪਿੱਛੇ ਹਟ ਸਕਦਾ ਹੈ।

ਦੂਸਰੇ ਪਾਸੇ ਯੂ ਐੱਨ ਵੱਲੋਂਐਟਮੀ ਨਿਗਰਾਨੀ ਰੱਖਣ ਵਾਲੀ ਇੰਟਰਨੈਸ਼ਨਲ ਐਟਮੀਐਨਰਜੀ ਏਜੰਸੀ (ਆਈਏਈਏ) ਨੇ ਪੁਸ਼ਟੀ ਕੀਤੀ ਹੈ ਕਿ ਈਰਾਨ ਨੇ ਸਮਝੌਤੇ ਵਿੱਚ ਤੈਅ ਹੱਦਤੋਂ ਵੱਧ ਯੂਰੇਨੀਅਮ ਸੋਧ ਲਿਆ ਹੈ। ਆਈਏਈਏ ਦੇ ਜਾਂਚ ਕਰਤਾਵਾਂ ਨੇ ਅੱਜ ਸੋਮਵਾਰ ਨੂੰ ਦੱਸਿਆ ਕਿ ਈਰਾਨ ਨੇ 3.67 ਫ਼ੀਸਦੀ ਤੋਂ ਵੱਧ ਯੂਰੇਨੀਅਮ ਸੋਧਿਆ ਹੈ। ਤਾਜ਼ਾ ਹਾਲਾਤ ਉੱਤੇ ਯੂਰਪੀ ਯੂਨੀਅਨ ਨੇ ਕਿਹਾ ਹੈ ਕਿ ਇਸ ਘਟਨਾਕ੍ਰਮਤੋਂ ਉਹ ਕਾਫੀ ਚਿੰਤਤ ਹਨ ਅਤੇ ਈਰਾਨ ਨੂੰ ਉਨ੍ਹਾਂ ਨੇ ਇਸ ਸਰਗਰਮੀ ਤੋਂ ਪਿੱਛੇ ਹਟਣ ਤੇ ਸਮਝੌਤੇ ਦੀ ਪ੍ਰਤੀਬੱਧਤਾ ਉੱਤੇਕਾਇਮ ਰਹਿਣ ਲਈ ਕਿਹਾ ਹੈ। ਕੌਮਾਂਤਰੀ ਸਮਝੌਤੇ ਵਿੱਚ ਸ਼ਾਮਲ ਫਰਾਂਸ, ਜਰਮਨੀ ਤੇ ਬ੍ਰਿਟੇਨ ਨੇ ਐਤਵਾਰ ਨੂੰ ਇਰਾਨ ਨੂੰ ਹੱਦੋਂ ਅੱਗੇ ਨਾ ਵਧਣ ਦੀ ਅਪੀਲ ਕੀਤੀ ਸੀ। ਇਸ ਐਟਮੀ ਸਮਝੌਤੇ ਵਿੱਚ ਸ਼ਾਮਲ ਦੋ ਹੋਰ ਦੇਸ਼ਾਂ, ਚੀਨ ਅਤੇ ਰੂਸ ਨੇ ਈਰਾਨ ਦੇ ਤਾਜ਼ਾ ਕਦਮ ਲਈ ਅਮਰੀਕਾ ਨੂੰ ਜ਼ਿੰਮੇਵਾਰ ਦੱਸਿਆ ਹੈ। ਚੀਨ ਨੇ ਕਿਹਾ ਕਿ ਅਮਰੀਕਾ ਇਕ ਪਾਸੜ ਢੰਗ ਨਾਲ ਈਰਾਨ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ, ਜਦਕਿ ਰੂਸ ਨੇ ਕਿਹਾ ਕਿ ਈਰਾਨ ਦਾ ਯੂਰੇਨੀਅਮ ਸੋਧਣ ਦੀ ਹੱਦ ਪਾਰ ਕਰਨਾ ਅਮਰੀਕਾ ਵੱਲੋਂਐਟਮੀ ਸਮਝੌਤਾ ਖ਼ਤਮ ਕਰਨ ਦਾ ਵਿਹਾਰਕ ਨਤੀਜਾ ਹੈ।ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੂਰੇਨੀਅਮ ਸੋਧਣ ਦੀ ਹੱਦ ਟੱਪਣ ਨੂੰ ਕਾਹਲੇ ਈਰਾਨ ਨੂੰ ਚਿਤਾਵਨੀ ਦਿੱਤੀ ਹੈ ਅਤੇ ਕਿਹਾ ਹੈ ਕਿ ਈਰਾਨ ਚੌਕਸ ਰਹਿਣਾ ਬਿਹਤਰ ਰਹੇਗਾ, ਕਿਉਂਕਿ ਉਹ ਇਕ ਕਾਰਨ ਕਰਕੇ ਸੋਧ ਕਰ ਰਿਹਾ ਹੈ ਤੇ ਮੈਂ ਨਹੀਂ ਪੁੱਛਣਾ ਚਾਹਾਂਗਾ ਕਿ ਉਹ ਕਾਰਨ ਕੀ ਹੈ।

HOMELIFE SILVERCITY Realty Inc. Brokerage
Each Office Independently Owned & Operated
Kulwinder Chhina
SALES REPRESENTATIVE
647.293.2327
www.Kulwinderchhina.com

Barber ਦੀ ਲੋੜ For Men Haircut
Airport ਤੇ Sandalwood ਦੇ ਏਰੀਏ 'ਚ ਇਕ ਸੇਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਕਾਲ ਕਰੋ :
416 992 2320

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
New Basement $1,000 off with this flyer
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1 SECURITY SERVICES
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators
○ AZ-DZ Drivers
○ Forklift Driver
○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

## ਕਹਾਣੀ

# ਇਕ ਕੁੜੀ

-ਰਸ਼ਪਿੰਦਰ

ਪਿੰਡ ਵਾਲੀ ਮਿੰਨੀ ਬੱਸ ਦੇ ਪਿੱਛੇ ਲਾਲ ਟੇਪ ਨਾਲ ਲਿਖਿਆ ਸੀ 'ਬੇਟੀ ਬਚਾਓ'। ਸ਼ਾਇਦ ਇਸ ਤੋਂ ਪਿੱਛੇ ਵਾਲੇ ਸ਼ਬਦ 'ਬੇਟੀ ਪੜ੍ਹਾਓ' ਕਿਸੇ ਨੇ ਖੁਰਚ-ਖੁਰਚ ਕੇ ਲਾਹ ਸੁੱਟੇ ਸਨ ਤੇ ਸਿਰਫ 'ਬੇਟੀ ਬਚਾਓ' ਲਿਖਿਆ ਰਹਿ ਗਿਆ ਸੀ। ਬੱਸ ਦੀ ਸੈਲਫ ਨੇ ਮੇਰੀ ਧਿਆਨ ਤੋੜਿਆ ਤੇ ਮੈਂ ਭੱਜ ਕੇ ਇਸ ਵਿੱਚ ਜਾ ਬੈਠਾ। ਬੱਸ ਚੜ੍ਹਦਿਆਂ ਮੇਰੀ ਨਜ਼ਰ ਖਿੜਕੀ ਕੋਲ ਬੈਠੀ ਇਕ ਮਲੂਕ ਜਿਹੀ ਕੁੜੀ 'ਤੇ ਪਈ, ਜੋ ਆਪਣੇ ਅੰਦਰ ਜਿਵੇਂ ਕੋਈ ਤੂਫਾਨ ਲਈ ਬਿਲਕੁਲ ਚੁੱਪ ਬੈਠੀ ਸੀ। ਉਹਦੀ ਬੁੱਕਲ ਵਿੱਚ ਉਸ ਦਾ ਬੱਚਾ ਸੀ। ਬੱਸ ਵਿੱਚ ਲਗਭਗ ਸਾਰੀਆਂ ਸਵਾਰੀਆਂ ਪਿੰਡਾਂ ਵਾਲੀਆਂ ਸਨ। ਬੱਸ ਤੁਰ ਪਈ ਤੇ ਸ਼ਹਿਰ ਦੇ ਬਾਈਪਾਸ ਤੋਂ ਹੁੰਦੀ ਹੋਈ ਪਿੰਡ ਵਾਲੀ ਕੱਚੀ ਪਹੀ 'ਤੇ ਜਾ ਚੜ੍ਹੀ। ਇਸ ਦੀ ਰਫਤਾਰ ਦਰਮਿਆਨੀ ਸੀ। ਖਿੜਕੀ ਵਿੱਚੋਂ ਦੇਖਿਆਂ ਹਰੇ-ਹਰੇ ਪਤੇ ਜਿਵੇਂ ਕਿੱਕਲੀ ਪਾਉਂਦੇ ਜਾਪ ਰਹੇ ਸਨ। ਮੈਂ ਕੰਡਕਟਰ ਨੂੰ ਪੈਸੇ ਫੜਾਏ।

'ਹਾਂ ਅੰਬੋ!' ਉਹ ਅਗਲੀ ਸਵਾਰੀ ਵੱਲ ਜਾ ਵਧਿਆ।

ਮੈਂ ਪੁੱਛਿਆ, 'ਟਿਕਟ?'

ਸਾਰੀਆਂ ਸਵਾਰੀਆਂ ਦੀਆਂ ਨਿਗਾਹਾਂ ਮੇਰੇ ਵੱਲ ਹੋ ਗਈਆਂ।

'ਟਿਕਟ ਨ੍ਹੀਂ ਹੁੰਦੀ ਏਸ ਬੱਸ 'ਚ ਭਰਾਵਾਂ,' ਕੰਡਕਟਰ ਨੇ ਹਲਕੀ ਜਿਹੀ ਮੁਸਕਰਾਹਟ ਨਾਲ ਜਵਾਬ ਦਿੱਤੀ।

'ਕੱਲ੍ਹ ਨੂੰ ਦੇਊਂਗੀ ਵੇ,' ਆਪਣੇ ਹੀ ਖਿਆਲਾਂ ਵਿੱਚ ਉਲਝੀ ਹੋਈ ਅਗਲੀ ਸਵਾਰੀ ਨੇ ਕਿਹਾ।

ਉਹ ਇਕ ਬਿਰਧ ਔਰਤ ਸੀ, ਜਿਸ ਦਾ ਚਿਹਰਾ ਝੁਰੜੀਆਂ ਨਾਲ ਭਰਿਆ ਹੋਇਆ ਸੀ। ਕੰਡਕਟਰ ਬਿਨਾਂ ਕੁਝ ਕਹੇ ਅਗਲੀ ਸਵਾਰੀ ਵੱਲ ਹੋ ਗਿਆ। ਉਹ ਕੁੜੀ ਨਾਲ ਬੈਠੀ ਔਰਤ, ਬਿਰਧ ਔਰਤ ਵੱਲ ਘੁੰਮੀ।

'ਤਕੜੀ ਐਂ ਅੰਬੋ? ਮੱਥਾ ਟੇਕਦੀ ਆਂ।'

ਅੰਬੋ ਨੇ ਹੱਥ ਦੀ ਛੱਤ ਜਿਹੀ ਬਣਾ ਕੇ ਆਪਣੇ ਮੱਥੇ 'ਤੇ ਟਿਕਾਈ ਤੇ ਕਨੱਖਾ ਜਿਹਾ ਝਾਕ ਕੇ ਉਸ ਔਰਤ ਦੀ ਸਿਆਣ ਕੱਢਣ ਲੱਗੀ, 'ਹੈਂ? ਕਿਹੜੀ ਆ?'

'ਨੀਂ, ਕਰਤਾਰੋ ਆ,' ਨਾਲ ਹੀ ਬੈਠੀ ਦੂਜੀ ਬੇਬੇ ਨੇ ਉਸ ਔਰਤ ਨੂੰ ਪਛਾਣ ਲਿਆ।

'ਅੱਛਾ!' ਜਾਣੋ ਅੰਬੋ ਦੇ ਦਿਮਾਗ ਵਿੱਚ ਕਰਤਾਰੋ ਦੇ ਨਕਸ਼ ਉਲੀਕੇ ਗਏ।

'ਹਾਂ! ਹਾਂ! ਭਾਈ ਸੂਤ ਆਂ,' ਅੰਬੋ ਨੇ ਹੱਥ ਨਾਲ ਅਸੀਸ ਦਿੰਦੇ ਆਖਿਆ।

'ਤੂੰ ਕਿਵੇਂ ਐਂ? ਸੱਚ ਲੈ ਆਈ ਗੁੱਡੀ ਨੂੰ?' ਅੰਬੋ ਨੇ ਕੋਲ ਹੋ ਕੇ ਪੁੱਛਿਆ।

'ਹਾਂ, ਲੈ ਆਈ। ਆਹ ਦੇਖ ਨਾਲ ਤਾਂ ਬੈਠੀ ਐ ਮੇਰੇ,' ਕਰਤਾਰੋ ਨੇ ਉਸ ਕੁੜੀ ਵੱਲ ਇਸ਼ਾਰਾ ਕਰਕੇ ਆਖਿਆ।

'ਲੈ ਦੱਸ! ਨੀਂ ਆਹ ਅੱਖਾਂ ਨੂੰ ਨ੍ਹੀਂ ਦਿਸਦਾ ਕੁਸ਼। ਹੋਰ ਭਾਈ ਗੁੱਡੀ, ਠੀਕ ਐ?' ਅੰਬੋ ਨੇ ਕੁੜੀ ਦਾ ਮੋਢਾ ਪਲੋਸ ਕੇ ਬੱਚੇ ਦੇ ਸਿਰ 'ਤੇ ਹੱਥ ਰੱਖਿਆ।

'ਹਾਂ ਬੇਬੇ,' ਕੁੜੀ ਨੇ ਨਿਗ੍ਹਾ ਨਿਵਾ ਕੇ ਆਖਿਆ।

'ਲਾਂਵੇਗੀ ਦੋ ਚਾਰ ਦਿਨ?'

'ਹਾਂ ਬੇਬੇ,' ਕੁੜੀ ਨੇ ਹਲਕੀ ਜਿਹੀ ਆਵਾਜ਼ 'ਚ ਆਖਿਆ।

'ਇਹ ਗੁੱਡੀ ਕੋਲੇ ਕੀ ਜਵਾਕ ਐ?' ਅੰਬੋ ਨੇ ਕਰਤਾਰੋ ਨੂੰ ਪੁੱਛਿਆ।

'ਕੁੜੀ ਐ! ਅੰਬੋ।'

'ਚਲੋ ਭਾਈ! ਉਹ ਆਵਦੇ ਕਰਮ ਲਿਖਾ ਕੇ ਆਈ ਐ। ਇਹ ਤਾਂ ਵਾਰੀ ਕੱਟੀ ਗਈ, ਅੱਗੇ ਮੁੰਡਾ ਹੋਜੂ,' ਅੰਬੋ ਨੇ ਕਰਤਾਰੋ ਦਾ ਦਿਲ ਧਰਾਉਣ ਲਈ ਕਿਹਾ।

'ਨਾ ਅੰਬੋ, ਕੀ ਕਰਾਉਣਾ ਮੁੰਡਿਆਂ ਤੋਂ, ਇਹ ਕੁੜੀ ਹੀ ਵਾਧੂ ਐ। ਅੱਗੇ ਜਿਨ੍ਹਾਂ ਦੇ ਮੁੰਡੇ ਸੀ, ਉਨ੍ਹਾਂ ਨੇ ਖਵਾ ਦਿੱਤੇ ਫੁਲਕੇ..' ਕਰਤਾਰੋ ਦੇ ਬੋਲ ਸਾਰੀਆਂ ਸਵਾਰੀਆਂ ਨੂੰ ਸੁਣੇ। ਡਰਾਈਵਰ ਸੀਟ ਲਾਗੇ ਬੈਠੀਆਂ ਸਵਾਰੀਆਂ ਉਸ ਵੱਲ ਝਾਕੀਆਂ। ਬੱਸ ਵਿੱਚ ਪੂਰਨ ਸ਼ਾਂਤੀ ਸੀ। ਇਸ ਸ਼ਾਂਤ ਵਾਤਾਵਰਨ ਵਿੱਚ ਸਿਰਫ ਹਵਾ ਦੀ ਰਫਤਾਰ ਘੁਲੀ ਸੀ। ਅੰਬੋ ਦੇ ਬੁਝੇ-ਬੁਝੇ ਨੇਤਰਾਂ 'ਚ ਹੈਰਾਨੀ ਦੀ ਲੋਅ ਸੀ।

'ਤਿੰਨ ਲੱਖ ਰੁਪਈਆ ਲਾਇਆ ਤੀ। ਵਿਆਹ 'ਤੇ ਲੋਹੜੇ ਦਾ ਸਮਾਨ ਦਿੱਤਾ। ਡੰਗਰ ਪਸ਼ੂ ਦਾ ਕੰਮ ਕਰਦੀ। ਕੱਪੜੇ ਸਿਆਉਂਦੀ ਮਸ਼ੀਨ 'ਤੇ। ਜੈ ਵੱਢੇ ਦਿਆਂ ਨੇ ਭੋਰਾ ਨ੍ਹੀਂ ਕਦਰ ਪਾਈ,' ਕਰਤਾਰੋ ਦੇ ਬੋਲਾਂ ਵਿੱਚ ਸ਼ਿਕਾਇਤ ਸੀ।

'ਲੈ! ਕਿਉਂ?'

'ਕੀ ਦੱਸਾਂ ਨੀਂ! ਖੇਹ ਖਾਂਦਾ ਫਿਰਦਾ ਕਿਸੇ ਨਾ ਕਿਸੇ ਦੇ। ਸ਼ਰਮ ਤਾਂ ਭੋਰਾ ਨ੍ਹੀਂ। ਕੁਸ਼ ਨ੍ਹੀਂ ਛੱਡਦਾ। ਮੋਟਰਸ਼ੈਂਕਲ ਮੰਗਿਆ ਤੀ, ਉਹ ਦੇਤਾ। ਦੋ ਤੋਲੇ ਸਿਉਨਾ ਪਾਇਆ ਤੀ। ਵਿਆਹ ਮਗਰੋਂ ਇਕ ਵਾਰੀ ਨ੍ਹੀਂ ਕੁੜੀ ਦੇ ਪਾਇਆ ਦੇਖਿਆ। ਹਾਰ ਕੇ ਕੱਲ ਨਬੇੜ ਕੇ ਆਏ ਆਂ। ਪੰਚਾਇਤ ਗਈ ਤੀ ਸਾਰੀ, ਨਾਲ ਇਹਦਾ ਬਾਪੂ ਸੀ। ਉਧਰੋਂ ਉਨ੍ਹਾਂ ਦੀ ਪੰਚਾਇਤ ਸੀ। ਕਹਿੰਦਾ, ਰੱਖਦਾ ਨ੍ਹੀਂ ਮੈਂ ਤਾਂ। ਹੋਰ ਲਿਆਊਂ!'

'ਜਾ ਲੈ ਆ..। ਪਹਿਲਾਂ ਹੀ ਲੈ ਆਉਂਦਾ। ਸਾਡੀ ਕੁੜੀ ਦੀ ਜ਼ਿੰਦਗੀ ਕਿਉਂ ਖਰਾਬ ਕਰਦੈਂ। ਲੋਹੜਾ ਆ ਗਿਆ ਕੁੜੇ,' ਅੰਬੋ ਨੇ ਠੋਕਵਾਂ ਜਵਾਬ ਦਿੱਤਾ।

'ਨੀਂ ਇਹਦੀ ਸੱਸ ਨ੍ਹੀਂ ਬੋਲਦੀ ਕੁਸ਼ ਮੁੰਡੇ ਨੂੰ?' ਦੂਜੀ ਬੇਬੇ ਨੇ ਹੈਰਾਨ ਹੋ ਕੇ ਪੁੱਛਿਆ।

'ਸੱਸ ਤਾਂ ਆਪ ਵੱਢਣ ਜੋਗੀ ਐ। ਆਹ ਕੁੜੀ ਹੋਈ ਮਗਰੋਂ ਅਰਾਮ ਨ੍ਹੀਂ ਕਰਨ ਦਿੱਤਾ ਜਵਾਕੜੀ ਨੂੰ। ਕਹਿੰਦੀ, ਐਵੇ ਨਾ ਪਈ ਰਿਹਾ ਕਰ ਨੀਂ! ਕੰਮ ਕਰ। ਤੂੰ ਕਿਹੜਾ ਮੁੰਡਾ ਜੰਮਿਆ!'

'ਲੈ ਨੀਂ! ਆਖ ਕਿ ਤੂੰ ਵੀ ਹੋਈ ਸੀ ਕਿਸੇ ਦੇ ਮੱਚੜੀਏ!' ਅੰਬੋ ਦੇ ਬੋਲਾਂ ਵਿੱਚ ਗੁੱਸਾ ਭਖਿਆ।


'ਜਦੋਂ ਇਹ ਹੋਣ ਆਲੀ ਤੀ ਕੁੜੀ!' ਕਰਤਾਰੋ ਨੇ ਆਪਣੀ ਦੋਹਤੀ ਵੱਲ ਸੈਨਤ ਕਰਕੇ ਆਖਿਆ, 'ਓਦੋਂ ਬਲਾਂਈ ਕੁੱਟਿਆ।'

'ਬੂ..' ਦੂਜੀ ਬੇਬੇ ਕਰਤਾਰੋ ਦਾ ਦੁੱਖ ਸੁਣਦੀ ਗਈ।

'ਹੋਰ! ਕਹਿੰਦਾ ਦੋਵਾਂ ਨੂੰ ਮਾਰੂ। ਨਾਲੇ ਕੁੜੀ ਨੂੰ ਨਾਲੇ ਬੱਚੇ ਨੂੰ। ਰਾਤੋਂ ਰਾਤ ਗਵਾਂਢੀਆਂ ਨੇ ਕੰਧਾਂ ਟੱਪ-ਟੱਪ ਕੇ ਛਡਾਈ। ਫੇਰ ਉਨ੍ਹਾਂ ਨੇ ਸਾਨੂੰ ਫੂਨ ਕੀਤਾ। ਫੇਰ ਅਸੀਂ ਲੈ ਕੇ ਆਏ। ਹਾਲੇ ਐਡੇ ਨੀਲ ਪਏ ਜਵਾਕੜੀ ਦੇ। ਫੇਰ ਦੱਸਿਆ ਇਹਨੇ ਬਈ ਕੱਲ੍ਹ ਵੀ ਕੁੱਟ ਗਿਆ। ਜੇ ਮੈਂ ਨਾ ਮੂਹਰੇ ਹੁੰਦੀ ਕੁੜੀ ਨੂੰ ਮਾਰਦਾ।'

'ਨੀਂ ਭੈਣੇ ਹੋਰ ਕਿਉਂ ਡਰਦੇ ਆਂ! ਤਾਂ ਹੀ ਫਿਟਕਾਰਾਂ ਖਾਂਦੀਆਂ ਨੇ, ਨਾਲੇ ਏਧਰ ਦੇਖਦੀਆਂ ਨੇ ਨਾਲੇ ਓਧਰ।' ਦੂਜੀ ਬੇਬੇ ਨੇ ਆਪਣਾ ਹੇਜ ਜਤਾਇਆ।

'ਨੀਂ ਸਾਨੂੰ ਤਾਂ ਪਹਿਲਾਂ ਈ ਕਹਿਤਾ ਤੀ ਆੜਤੀਏ ਨੇ ਬਈ ਤੁਸੀਂ ਭਾਈ



ਇਹ ਕਹਿੰਦੀ ਬੀਬੀ ਮੇਰੇ ਬਾਈ ਗਿੰਦਰ ਨੂੰ ਨਾ ਦੱਸੀਂ। ਉਹ ਜੇ ਆ ਗਿਆ ਤੋੜ ਦਊ ਕੁਸ਼ ਨਾ ਕੁਸ਼ ਓਹਦਾ। ਐਵੇਂ ਪੜ੍ਹਾਈ ਖਰਾਬ ਹੋਜੂ ਓਹਦੀ। ਕਹਿੰਦੀ ਸੀ ਇਹ ਵੀ ਪੜ੍ਹਨ ਨੂੰ, ਬਈ ਮੈਨੂੰ ਗਿੰਦਰ ਦੇ ਕਾਲਜ 'ਚ ਨਾਲ ਲਾ ਦਿਓ। ਮਖਾਂ ਨੀਂ ਭੈਣ ਬੱਸ ਬਾਰਾਂ ਕਰਲੀਆਂ। ਨੌਕਰੀਆਂ ਕਿਹੜਾ ਧਰੀਆਂ ਪਈਐਂ। ਟੈਮ ਮਾੜੈ।'

'ਨੀਂ ਵਧੀਆ ਤੀ ਸਗੋਂ ਲਾ ਦਿੰਦੀ ਪੜ੍ਹਨ! ਕੋਈ ਚੱਜ ਦਾ ਟੱਕਰ ਜਾਂਦਾ। ਅਗਲਾ ਆਪੇ ਲਵਾ ਦਿੰਦਾ।' ਦੂਜੀ ਬੇਬੇ ਨੇ ਮੱਤ ਦਿੱਤੀ।

ਕੁੜੀ ਬਾਰੀ ਨਾਲ ਸਿਰ ਲਾ ਕੇ ਆਪਣੀ ਜ਼ਿੰਦਗੀ ਦੇ ਵਹਿਣਾਂ ਵਿੱਚ ਵਹਿ ਰਹੀ ਸੀ। ਇੰਜ ਲੱਗਦਾ ਸੀ ਇਨ੍ਹਾਂ ਸਾਰੇ ਜ਼ਖਮਾਂ, ਚੀਸਾਂ, ਦੁੱਖਾਂ ਦਾ ਜ਼ਹਿਰ ਉਹਨੇ ਪੀ ਲਿਆ, ਜਿਸ ਦਾ ਦਰਦ ਉਹਦੇ ਧੁਰ ਅੰਦਰੋਂ ਉਠ ਕੇ ਉਸੇ ਵਿੱਚ ਸਮਾਅ ਜਾਂਦਾ। ਸਾਰੀਆਂ ਸਵਾਰੀਆਂ ਦੇ ਹਿਰਦੇ ਉਸ ਕੁੜੀ ਦੇ ਦੁੱਖ ਨਾਲ ਪਿਘਲ ਚੁੱਕੇ ਸਨ।

'ਕੀ ਕਰੀਏ ਬਸ ਅਕਲ 'ਤੇ ਪਰਦਾ ਪੈ ਗਿਆ ਸੀ। ਚੌਥੇ ਲੈ ਕੇ ਆਈ ਆਂ। ਸਾਰੀ ਰਾਤ ਨ੍ਹੀਂ ਸੁੱਤੀ। ਕਹਿੰਦੀ ਬੀਬੀ ਗੋਲੀ ਲਿਆ ਦੇ ਡਾਕਟਰ ਤੋਂ, ਢੂਹੀ ਦੁਖੀ ਜਾਂਦੀ ਐ। ਗੋਲੀ ਵੀ ਦਿੱਤੀ। ਹਾਰ ਕੇ ਕਿਹਾ, ਲੈ ਮੈਂ ਲਤੜ ਦਿੰਨੀ ਆਂ ਪੋਲੀ-ਪੋਲੀ। ਕੁੜਤੀ ਚੁੱਕ ਕੇ ਦੇਖੀ ਐਡੇ-ਭੈੜੇ ਬੰਦਿਆਂ ਨਾਲ ਮੱਥਾ ਲਾ ਲਿਆ। ਹਜੇ ਵੀ ਰਹਿਣ ਦੋ।'

'ਨੀਂ ਫੇਰ ਛੱਡ ਦਿੰਦੇ ਪਰ੍ਹਾਂ। ਵਿਚੋਲੇ ਦੀਆਂ ਨਾਸਾਂ ਕੁੱਟਣੀਆਂ ਸੀ ਤੁਸੀਂ,' ਅੰਬੋ ਨੇ ਕਰਤਾਰੋ ਨੂੰ ਵਰਜਿਆ।

'ਕਿੱਥੋਂ, ਵਿਚੋਲੇ ਤਾਂ ਆਪ ਲਾਲਚੀ ਨੇ। ਛੱਡਦੇ ਕਿਵੇਂ? ਇਹ ਵੀ ਨ੍ਹੀਂ ਮੰਨੀ। ਕਹਿੰਦੀ ਬੀਬੀ ਕੋਈ ਨਾਂ! ਇਹ ਤਾਂ ਹੋ ਗਿਆ ਸਾਰਾ ਬੰਨ੍ਹ-ਬੰਨ੍ਹਾ। ਮੇਰਾ ਬਾਪੂ ਰੋਜ-ਰੋਜ ਕਿੱਥੇ ਛਿਤਰ ਘਸਾਉਂਦਾ ਫਿਰੂ। ਜੇ ਛੱਡਤੀ ਤਾਂ ਸਾਰੇ ਪਿੰਡ 'ਚ ਕਹਿਣਗੇ ਬਈ ਫਲਾਣਿਆਂ ਕੀ ਕੁੜੀ ਪੱਕ ਠੱਕ ਕਰਕੇ ਛੱਡਤੀ,' ਕਹਿੰਦੀ-ਕਹਿੰਦੀ ਕਰਤਾਰੋ ਦਾ ਗੱਚ ਭਰ ਆਇਆ।

'ਨੀਂ ਧੀ ਹੋਈ ਫੇਰ ਵੀ। ਲਹੂ ਮੱਚਦਾ ਆਵਦੇ ਮਾਂ ਬਾਪ ਦੇਖ ਕੇ..' ਦੂਜੀ ਬੇਬੇ ਦੇ ਬੋਲਾਂ 'ਚ ਦਰਦ ਉਠਿਆ।

'ਹਾਂ ਬਈ, ਜਲਵੇੜੇ ਪਿੰਡ ਆਲਾ ਕੋਈ ਵੀਰ!' ਕੰਡਕਟਰ ਦੇ ਉਚੇ ਬੋਲ ਨਾਲ ਮੈਂ ਉਠ ਖੜਾ। ਬੱਸ ਰੁਕੀ ਤਾਂ ਮੈਂ ਉਤਰ ਗਿਆ। ਤੁਰਦੀ ਬੱਸ ਦੇ ਪਿੱਛੇ ਮੇਰੀ ਨਜ਼ਰ ਲਾਲ ਟੇਪ ਨਾਲ ਲਿਖੇ ਸ਼ਬਦਾਂ 'ਬੇਟੀ ਬਚਾਓ' 'ਤੇ ਜਾ ਪਈ। ਇਸ ਤੋਂ ਪਿੱਛੇ ਵਾਲੇ ਸ਼ਬਦਾਂ 'ਬੇਟੀ ਪੜ੍ਹਾਓ' ਨੂੰ ਖੁਰਚ-ਖੁਰਚ ਕੇ ਲਾਹ ਸੁੱਟਣ ਵਾਂਗ ਉਸ ਕੁੜੀ ਦੀ ਜ਼ਿੰਦਗੀ ਤੋਂ ਉਸ ਦੇ ਚਾਅ, ਉਮੰਗਾਂ ਲਾਹ ਸੁੱਟੇ ਗਏ ਸਨ।

# ਖੋਲ੍ਹ ਲੈਂਦਾ ਦਿਲ ਜੇ ਤੂੰ ਯਾਰਾਂ ਦੇ ਨਾਲ..

-ਪ੍ਰੋ. ਮਨਜੀਤ ਤਿਆਗੀ

ਮਨੁੱਖ ਨੂੰ ਆਪਣੀਆਂ ਰੋਜ਼ਮਰ੍ਹਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਦੂਜੇ ਲੋਕਾਂ ਨਾਲ ਤਾਲਮੇਲ ਰੱਖਣਾ ਪੈਂਦਾ ਹੈ। ਇਹ ਸਮਾਜਿਕ ਘੇਰਾ ਹੀ ਉਸ ਦੀ ਸ਼ਖਸੀਅਤ ਨੂੰ ਨਿਖਾਰਨ ਜਾਂ ਨਿਘਾਰਨ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾਉਂਦਾ ਹੈ। ਤੁਸੀਂ ਚੰਗੇ ਦੋਸਤ ਤੋਂ ਬਿਨਾਂ ਜ਼ਿੰਦਗੀ ਦੀ ਦੌੜ ਦਾ ਪੰਧ ਪੂਰਾ ਨਹੀਂ ਕਰ ਸਕਦੇ। ਭਾਵੇਂ ਦੋਸਤੀ ਦੀ ਪਛਾਣ ਤਾਂ ਜ਼ਿੰਦਗੀ ਦੇ ਇਕ ਰਿਸ਼ਤੇ ਵਜੋਂ ਹੁੰਦੀ ਹੈ, ਪਰ ਇਸ ਦਾ ਨਿੱਘ ਸਾਰੇ ਰਿਸ਼ਤਿਆਂ ਦੀਆਂ ਵਲਗਣਾਂ ਤੋਂ ਆਜ਼ਾਦ ਫਿਜ਼ਾ ਵਰਗਾ ਹੁੰਦਾ ਹੈ। ਸਮਾਂ ਬੀਤਣ ਨਾਲ ਧਨ ਦੌਲਤ ਦੀ ਕੀਮਤ ਘੱਟਦੀ ਜਾਂਦੀ ਹੈ, ਪਰ ਸੱਚੀ ਦੋਸਤੀ ਸਮੇਂ ਦੇ ਬੀਤਣ ਨਾਲ ਵੱਧਦੀ ਫੁੱਲਦੀ ਅਤੇ ਹੋਰ ਵੀ ਗੂੜ੍ਹੀ ਹੁੰਦੀ ਜਾਂਦੀ ਹੈ।

ਇਹ ਸੱਚਾਈ ਹੈ ਕਿ ਅੱਜ ਕੱਲ੍ਹ ਸੱਚੇ ਦੋਸਤ ਬਹੁਤ ਘੱਟ ਮਿਲਦੇ ਹਨ। ਦੋਸਤੀ ਕਰਨੀ ਅਤੇ ਇਸ ਰਿਸ਼ਤੇ ਨੂੰ ਲੰਮੇ ਸਮੇਂ ਤੱਕ ਨਿਭਾਉਣਾ ਬੜਾ ਔਖਾ ਕੰਮ ਹੈ। ਅੱਜ ਲੋਕ ਇਕੱਲਤਾ ਦਾ ਸ਼ਿਕਾਰ ਹਨ। ਅਖਬਾਰਾਂ ਵਿੱਚ ਦੋਸਤ ਬਣਾਉਣ ਦੇ ਇਸ਼ਤਿਹਾਰਾਂ ਦੀ ਭਰਮਾਰ ਤੋਂ ਪਤਾ ਲੱਗਦਾ ਹੈ ਕਿ ਲੋਕ ਚੰਗੇ ਦੋਸਤ ਦੇ ਸਾਥ ਲਈ ਤੜਫ ਰਹੇ ਹਨ।

ਮਿੱਤਰਤਾ ਸ਼ਰਤਾਂ ਜਾਂ ਬੰਦਿਸ਼ਾਂ 'ਚ ਨਹੀਂ ਲਪੇਟੀ ਜਾ ਸਕਦੀ। ਇਹ ਇਕ ਦੂਸਰੇ ਦੇ ਪੂਰੀ ਤਰ੍ਹਾਂ ਵਾਕਿਫ ਹੁੰਦਿਆਂ ਵਿਸ਼ਵਾਸ ਦੇ ਮੋਕਲੇ ਦਾਇਰੇ 'ਚ ਪਲਦੀ ਹੈ। ਆਪਣੇ ਸਵਾਰਥ ਦੀ ਪੂਰਤੀ ਲਈ ਤੁਹਾਡੀ ਸਿਫਤ ਸਲਾਹੁਤਾ ਕਰਨ ਵਾਲੇ ਨੂੰ ਚਾਪਲੂਸ ਕਹਿ ਕੇ ਸੱਦਿਆ ਜਾ ਸਕਦਾ, ਪਰ ਮਿੱਤਰ ਸ਼ਬਦ ਦੇ ਪੈਮਾਨੇ ਵਿੱਚ ਉਹ ਫਿੱਟ ਨਹੀਂ ਬੈਠਦਾ। ਚੰਗਾ ਦੋਸਤ ਹਮੇਸ਼ਾ ਤੁਹਾਡੇ ਹਿੱਤ ਦੀ ਗੱਲ ਕਰੇਗਾ। ਅਜਿਹੇ ਦੋਸਤ ਤੁਹਾਡੇ ਬੋਲਣ ਤੋਂ ਪਹਿਲਾਂ ਹੀ ਤੁਹਾਡੀ ਸਮੱਸਿਆ ਦਾ ਹੱਲ ਲੱਭਣ ਵਿੱਚ ਜੁਟ ਜਾਂਦੇ ਹਨ। ਜਿਸ ਅਨੁਪਾਤ ਵਿੱਚ ਤੁਹਾਡੇ ਚੰਗੇ ਦੋਸਤ ਵਧਣਗੇ, ਉਸ ਅਨੁਪਾਤ ਵਿੱਚ ਹੀ ਤੁਹਾਡੇ ਜੀਵਨ ਦੀ ਬਗੀਚੀ ਵਿੱਚ ਪ੍ਰਾਪਤੀਆਂ ਦੇ ਫੁੱਲ ਖਿੜਨਗੇ। ਜੇ ਤੁਹਾਡੀਆਂ ਬੁਨਿਆਦੀ ਲੋੜਾਂ ਵਿੱਚ ਚੁਹਾਡੇ ਦੋਸਤ ਵੀ ਸ਼ਾਮਲ ਹਨ ਤਾਂ ਤੁਸੀਂ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੋਗੇ ਤੇ ਤੁਹਾਡੀ ਸੋਚ ਵਿਸ਼ਾਲ ਹੋ ਜਾਵੇਗੀ। ਦੋਸਤਾਂ ਨਾਲ ਰਹਿ ਕੇ ਤੁਸੀਂ ਉਹ ਗੱਲ ਸਿੱਖਦੇ ਹੋ, ਜੋ ਪਰਵਾਰ ਦੇ ਕਿਸੇ ਮੈਂਬਰ ਨਾਲ ਰਹਿ ਕੇ ਨਹੀਂ ਸਿੱਖ ਸਕਦੇ। ਚੰਗੇ ਦੋਸਤ ਜੀਵਨ ਦੇ ਸਫਰ ਵਿੱਚ ਪਿਆਰ ਤੇ ਸਨੇਹ ਦੀ ਖੁਸ਼ਬੂ ਖਿਲਾਰ ਕੇ ਜ਼ਿੰਦਗੀ ਦੇ ਸਫਰ ਨੂੰ ਸੁਹਾਵਣਾ ਬਣਾ ਦਿੰਦੇ ਹਨ।

ਆਧੁਨਿਕ ਸਮੇਂ ਵਿੱਚ ਸੂਚਨਾ ਤਕਨਾਲੋਜੀ ਸਾਡੇ ਰਿਸ਼ਤਿਆਂ 'ਚ ਘੁਸਪੈਠ ਕਰ ਰਹੀ ਹੈ। ਮੋਬਾਈਲ ਫੋਨ ਨਾਲ ਤਾਂ ਦਿਨ ਪ੍ਰਤੀ ਦਿਨ ਸਾਡਾ ਮੋਹ ਵਧ ਰਿਹਾ ਹੈ, ਪਰ ਅਸੀਂ ਸਮਾਜ ਨਾਲੋਂ ਟੁੱਟ ਰਹੇ ਹਾਂ। ਸਾਡੀ ਜਾਣ ਪਛਾਣ ਤਾਂ ਵਧ ਰਹੀ ਹੈ, ਪਰ ਦੋਸਤ ਘਟ ਰਹੇ ਹਨ। ਆਮ ਹੀ ਦੇਖਿਆ ਜਾਂਦਾ ਹੈ ਕਿ ਫੇਸਬੁੱਕ ਤੇ ਵਟਸਐਪ 'ਤੇ ਬੰਦੇ ਦੇ ਹਜ਼ਾਰਾਂ ਦੋਸਤ ਹੁੰਦੇ ਹਨ ਜਦੋਂ ਕਿ ਵਿਹਾਰਕ ਜ਼ਿੰਦਗੀ ਵਿੱਚ ਉਹ ਇਕੱਲ ਦਾ ਸੰਤਾਪ ਹੰਢਾ ਰਿਹਾ ਹੁੰਦਾ ਹੈ। ਕਾਰਨ ਸਾਫ ਹੈ ਕਿ ਹਰ ਬੰਦਾ ਆਪਣੇ ਆਪ ਨੂੰ ਰਾਜਾ ਸਮਝਦਾ ਹੈ। ਉਹ ਪਹਿਲਾਂ ਕਿਸੇ ਨਾਲ ਗੱਲ ਕਰਨੀ ਤਾਂ ਦੂਰ, ਸਤਿ ਸ੍ਰੀ ਅਕਾਲ ਤੱਕ ਨਹੀਂ ਬੁਲਾਉਂਦਾ। ਇਹੋ ਜਿਹਾ ਵਿਹਾਰ ਹੀ ਦੂਸਰੇ ਵਿਅਕਤੀ ਦਾ ਹੁੰਦਾ ਹੈ। ਜਦੋਂ ਮਨ ਦੀਆਂ ਭਾਵਨਾਵਾਂ ਕਿਸੇ ਨਾਲ ਸਾਂਝਾ ਨਹੀਂ ਕਰਾਂਗੇ ਫਿਰ ਪਰੇਸ਼ਾਨੀ ਤਾਂ ਵਧੇਗੀ ਹੀ, ਨਤੀਜਾ ਘੁਟਣ ਅਤੇ ਫਿਰ ਹਾਰਟ ਅਟੈਕ। ਹਸਪਤਾਲ 'ਚ ਆਪਰੇਸ਼ਨ ਕਰਨ ਮਗਰੋਂ ਫਿਰ ਡਾਕਟਰ ਇਕ ਗੱਲ ਜ਼ਰੂਰ ਕਹਿੰਦਾ ਹੈ:

ਖੋਲ੍ਹ ਲੈਂਦਾ ਦਿਲ ਜੇ ਤੂੰ ਯਾਰਾਂ ਦੇ ਨਾਲ<br>
ਅੱਜ ਖੋਲ੍ਹਣਾ ਨਾ ਪੈਂਦਾ ਇਹ ਔਜ਼ਾਰਾਂ ਦੇ ਨਾਲ।

ਬਿਨਾ ਸ਼ੱਕ ਚੰਗੇ ਦੋਸਤ ਤੁਹਾਡੇ ਲਈ ਅਲਾਦੀਨ ਦਾ ਚਿਰਾਗ ਹੋ ਨਿੱਬੜਦੇ ਹਨ, ਪਰ ਘਮੰਡੀ ਤੇ ਘਪਲੇਬਾਜ਼ ਲੋਕਾਂ ਤੋਂ ਦੂਰੀ ਬਣਾ ਕੇ ਰੱਖੋ। ਜੇ ਤੁਸੀਂ ਇਨ੍ਹਾਂ ਦੀ ਰੇਂਜ ਵਿੱਚ ਆ ਗਏ ਤਾਂ ਇਹ ਉਤਸ਼ਾਹੀਣਤਾ ਦੇ ਕੀਟਾਣੂ ਤੁਹਾਡੇ 'ਤੇ ਛੱਡ ਦੇਣਗੇ ਤੇ ਤੁਹਾਡੀ ਜ਼ਿੰਦਗੀ ਦਾ ਪਿਆਨੋ ਕਈ ਦਿਨ ਬੇਸੁਰਾ ਵੱਜੇਗਾ। ਮਾੜੇ ਦੋਸਤਾਂ ਤੋਂ ਚੰਗਾ ਹੈ ਕਿ ਉਹ ਤੁਹਾਡੇ ਦੁਸ਼ਮਣ ਹੀ ਹੋਣ, ਕਿਉਂਕਿ ਅਜਿਹੇ ਦੋਸਤ ਤੁਹਾਡਾ ਕੁਝ ਸੰਵਾਰ ਨਹੀਂ ਸਕਦੇ, ਤੁਹਾਡੇ ਲਈ ਪਰੇਸ਼ਾਨੀ ਦਾ ਸਬੱਬ ਹੀ ਬਣਨਗੇ। ਜੇ ਕੁਝ ਹੋਰ ਨਾ ਕਰ ਸਕੇ ਤਾਂ ਤੁਹਾਡੇ ਤੋਂ ਪੈਸੇ ਉਧਾਰ ਮੰਗਣਗੇ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਮਾੜੀ ਸੰਗਤ ਤੋਂ ਇਕੱਲਾ ਚੰਗਾ। ਚੰਗੀ ਸੋਚ ਵਾਲੇ ਦੋਸਤ ਭਾਵੇਂ ਹੋਣ, ਪਰ ਘੱਟ ਗਿਣਤੀ ਮਾੜੀ ਸੋਚ ਵਾਲੇ ਦੋਸਤਾਂ ਤੋਂ ਵੱਧ ਮਦਦਗਾਰ ਹੁੰਦੀ ਹੈ।

ਕਾਬਲੀਅਤ ਹੋਣ ਦੇ ਬਾਵਜੂਦ ਬਹੁਤੇ ਲੋਕ ਇਸ ਲਈ ਅਸਫਲ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਨਿੱਗਰ ਸੋਚ ਵਾਲੇ ਦੋਸਤ ਨਹੀਂ ਮਿਲੇ ਹੁੰਦੇ। ਦੋਸਤਾਂ ਤੋਂ ਬਿਨਾਂ ਜ਼ਿੰਦਗੀ ਬੇਰੰਗ ਅਤੇ ਬੇਰਸ ਜਿਹੀ ਮਹਿਸੂਸ ਹੁੰਦੀ ਹੈ।

ਜੀਵਨ ਵਿੱਚ ਘਮੰਡ ਛੱਡ ਕੇ ਆਪਣੇ ਆਲੇ ਦੁਆਲੇ, ਰਿਸ਼ਤੇਦਾਰਾਂ ਤੇ ਮਿੱਤਰਾਂ ਨਾਲ ਪਿਆਰ ਮੁਹੱਬਤ ਨਾਲ ਰਹੋ। ਅੱਜ ਤੋਂ ਹੀ ਆਪਸੀ ਰਿਸ਼ਤਿਆਂ ਦੀ 'ਕੁੜੱਤਣ ਘਟਾਓ ਤੇ ਮਿਠਾਸ ਵਧਾਓ' ਦਾ ਸਿਧਾਂਤ ਲਾਗੂ ਕਰ ਦਿਓ। ਸਮੇਂ ਦਾ ਕੋਈ ਪਤਾ ਨਹੀਂ, ਕਿਸ ਵੇਲੇ ਕਿਸ ਦੀ ਲੋੜ ਪੈ ਜਾਵੇ। ਜੇ ਤੁਸੀਂ ਜ਼ਿੰਦਗੀ ਨੂੰ ਜ਼ਿੰਦਾਦਿਲੀ ਨਾਲ ਜਿਉਣਾ ਚਾਹੁੰਦੇ ਹੋ ਤਾਂ ਚੰਗੇ ਵਿਚਾਰਾਂ ਵਾਲੇ ਦੋਸਤਾਂ ਦੇ ਸੰਪਰਕ ਵਿੱਚ ਰਹੋ। ਚੰਗੇ ਦੋਸਤ ਉਹ ਸ਼ੀਸ਼ਾ ਹਨ, ਜਿਸ ਵਿੱਚੋਂ ਦੀ ਤੱਕਿਆਂ ਤੁਹਾਡਾ ਜੀਵਨ ਤੇ ਇਸ ਦੇ ਸਾਰੇ ਪੱਖਾਂ ਦਾ ਹੂ-ਬ-ਹੂ ਝਲਕਾਰਾ ਦਿਸਦਾ ਹੈ। ਸੱਚੇ ਦੋਸਤ ਅਨਮੋਲ ਹਨ। ਜੋ ਲੋਕ ਸਿਰਫ ਆਪਣੇ ਲਈ ਹੀ ਜਿਉਂਦੇ ਹਨ, ਉਹ ਜ਼ਿੰਦਗੀ 'ਚ ਖੁਸ਼ੀ ਨਹੀਂ ਮਾਣ ਸਕਦੇ, ਕਿਉਂਕਿ ਉਨ੍ਹਾਂ ਕੋਲ ਆਪਣੇ ਵਿਚਾਰ ਸਾਂਝੇ ਕਰਨ ਲਈ ਚੰਗੇ ਦੋਸਤ ਨਹੀਂ ਹੁੰਦੇ। ਸਾਰਾ ਦਿਨ ਆਪਣੇ ਕੰਮ ਵਿੱਚ ਹੀ ਮਸ਼ਰੂਫ ਨਾ ਰਹੋ, ਆਪਣੇ ਦੋਸਤਾਂ ਲਈ ਸਮਾਂ ਜ਼ਰੂਰ ਕੱਢੋ। ਜਿੰਨੀ ਉਚੀ ਸੋਚ ਵਾਲੇ ਦੋਸਤ ਤੁਹਾਡੇ ਸੰਪਰਕ ਵਿੱਚ ਹੋਣਗੇ, ਓਨੀ ਹੀ ਜ਼ਿੰਦਗੀ ਵਿੱਚ ਤੁਹਾਨੂੰ ਘੱਟ ਪਰੇਸ਼ਾਨੀ ਹੋਵੇਗੀ। ਉਚੀ ਸੋਚ ਵਾਲੇ ਦੋਸਤਾਂ ਦੀ ਹਾਜ਼ਰੀ ਵਿੱਚ ਤੁਸੀਂ ਆਪਣੇ ਆਪ ਨੂੰ ਉਚਾ ਮਹਿਸੂਸ ਕਰਦੇ ਹੋ, ਤੁਹਾਡੀ ਰੂਹ ਤਰੋਤਾਜ਼ਾ ਹੋ ਜਾਂਦੀ ਹੈ, ਤੁਹਾਡੇ ਅੰਦਰ ਵਿਚਾਰਾਂ ਦੀਆਂ ਤਰੰਗਾਂ ਉਤਪੰਨ ਹੋ ਜਾਂਦੀਆਂ ਹਨ ਤੇ ਤੁਸੀਂ ਕੁਝ ਸਿਰਜਣ ਦੇ ਯੋਗ ਹੋ ਜਾਂਦੇ ਹੋ।

## ਵਿਅੰਗ

# ਗੰਦਗੀ ਉਪਰ ਰਿਸਰਚ

-ਨੂਰ ਸੰਤੋਖਪੁਰੀ-

"ਪਾਰਦਰਸ਼ੀ ਸ਼ਾਸਨ ਦੇਣ ਦੇ ਵਾਅਦੇ ਕਿੱਥੇ ਗਏ?<br>
ਖੁਸ਼ਗਵਾਰ ਮਾਹੌਲ ਦੇਣ ਦੇ ਇਰਾਦੇ ਕਿੱਥੇ ਗਏ?<br>
ਹਰ ਤਰਫ ਫੈਲ ਗਈ ਕਈ ਤਰ੍ਹਾਂ ਦੀ ਗੰਦਗੀ,<br>
'ਉਨ੍ਹਾਂ' ਦੀ ਸਵੱਛਤਾ ਮੁਹਿੰਮ ਦੇ ਫਾਇਦੇ ਕਿੱਥੇ ਗਏ?<br>
ਉੱਚੀ ਉੱਚੀ ਹੱਕ-ਸੱਚ ਦਾ ਸਾਨੂੰ ਸੁਨੇਹਾ ਦੇਣ ਵਾਲੇ<br>
ਉੱਚ ਦੁਮਾਲੜੇ ਵਾਲੇ ਮੁਨਸਫ ਤੇ ਪਿਆਦੇ ਕਿੱਥੇ ਗਏ?"

ਬਹੁਤ ਦਿਨਾਂ ਤੋਂ ਅਸੀਂ ਗੰਦਗੀ ਉਪਰ ਰਿਸਰਚ ਕਰ ਰਹੇ ਸੀ। ਰਿਸਰਚ ਕਰਨ 'ਤੇ ਅਸੀਂ ਸਰਚ ਕੀਤੀ ਕਿ ਜਦ ਬਹੁਤ ਦਿਨਾਂ ਤੱਕ ਕਿਸੇ ਵੀ ਤਰ੍ਹਾਂ ਦੀ ਗੰਦਗੀ ਦੇ ਢੇਰ ਜਿੱਥੇ ਪਏ ਹਨ, ਉਥੇ ਹੀ ਪਏ ਰਹਿਣ, ਤਾਂ ਗੰਦਗੀ ਅਪਾਰਦਰਸ਼ੀ ਹੋ ਜਾਂਦੀ ਹੈ। ਅਦਿੱਖ ਹੋ ਜਾਂਦੀ ਹੈ। ਅਪਾਰਦਰਸ਼ੀ ਹੋਣ ਕਾਰਨ ਗੰਦਗੀ ਫੈਲਾਉਣ ਵਾਲੇ ਗੰਦਗੀ ਫੈਲਾਉਂਦੇ ਰਹਿੰਦੇ ਹਨ। ਉਨ੍ਹਾਂ ਨੂੰ ਕਿਤੇ ਵੀ ਕੋਈ ਗੰਦਗੀ ਨਜ਼ਰ ਨਹੀਂ ਆਉਂਦੀ। ਕੁੱਤੇ ਆਪਣੀਆਂ ਪੂਛਾਂ ਨਾਲ ਆਪਣੀ ਬੈਠਣ ਵਾਲੀ ਥਾਂ ਸਾਫ ਕਰ ਲੈਂਦੇ ਨੇ, ਪਰ ਉਹ ਲੋਕ ਨਹੀਂ ਕਰਦੇ। ਉਨ੍ਹਾਂ ਉੱਤੇ ਕਿਸੇ ਸੁਨੇਹੇ ਦਾ, ਉਪਦੇਸ਼ ਜਾਂ ਸਜ਼ਾ ਦੇ ਡਰਾਵੇ ਦਾ ਅਸਰ ਨਹੀਂ ਹੁੰਦਾ। ਉਹ ਨਿਧੜਕ ਹੋ ਕੇ ਜਿੱਥੇ ਜੀਅ ਕਰੇ, ਉਥੇ ਗੰਦਗੀ ਫੈਲਾ ਛੱਡਦੇ ਹਨ। ਕੁੱਤਿਆਂ ਦੀਆਂ ਪੂਛਾਂ ਕਦੇ ਵੀ ਸਿੱਧੀਆਂ ਨਹੀਂ ਹੁੰਦੀਆਂ। ਇਹ ਵਿੰਗੀਆਂ ਹੀ ਰਹਿੰਦੀਆਂ ਹਨ?

ਅਪਾਰਦਰਸ਼ੀ ਭਾਵ ਅਦਿੱਖ ਹੋਣ ਕਾਰਨ ਤਰੱਕੀ ਵੀ ਹਰ ਕਿਸੇ ਨੂੰ ਵਿਖਾਈ ਨਹੀਂ ਦਿੰਦੀ। ਪਿਆਰੇ ਬਾਪੂ ਗਾਂਧੀ ਜੀ ਦੇ ਇਸ ਦੇਸ਼ ਵਿੱਚ ਤਰੱਕੀ ਬਹੁਤ ਹੋਈ ਹੈ। ਕਈ ਹਾਕਮ, ਸਿਆਸੀ ਆਗੂ, ਨੌਕਰਸ਼ਾਹ, ਦਲਾਲ, ਸਰਮਾਏਦਾਰ, ਨਸ਼ਿਆਂ ਦੇ ਸੌਦਾਗਰ, ਠੇਕੇਦਾਰ, ਜੋਤਸ਼ੀ, ਅਖੌਤੀ ਬਾਬੇ ਵਗੈਰਾ ਆਪੋ-ਆਪਣੀ ਅਤੇ ਆਪਣਿਆਂ ਦੀ ਤਰੱਕੀ ਕਰਨ ਵਿੱਚ ਦਿਨ-ਰਾਤ ਮਿਹਨਤ ਤੇ ਲਗਨ ਨਾਲ ਜੁਟੇ ਰਹਿੰਦੇ ਹਨ। ਇਨ੍ਹਾਂ ਦੀ ਚਮਕਦੀ-ਦਮਕਦੀ ਤਰੱਕੀ ਪਾਰਦਰਸ਼ੀ ਹੋਣ ਕਾਰਨ ਸਭ ਨੂੰ ਵਿਖਾਈ ਦਿੰਦੀ ਹੈ, ਪਰ ਹਾਏ! ਬਹੁਤ ਪਿੱਛੇ ਅਤੇ ਹੇਠਾਂ ਰਹਿ ਗਏ ਸਾਧਾਰਨ ਲੋਕਾਂ ਦੀ ਤਰੱਕੀ ਧੁੰਦਲੀ, ਅਸਪੱਸ਼ਟ, ਅਪਾਰਦਰਸ਼ੀ ਹੋਣ ਕਾਰਨ ਕਿਸੇ ਅੱਖ ਨੂੰ ਵਿਖਾਈ ਨਹੀਂ ਦਿੰਦੀ। ਇਹ ਅਦਿੱਖ ਹੀ ਰਹੀ।

ਤਰੱਕੀ ਉਪਰ ਰਿਸਰਚ ਕਰਨ 'ਤੇ ਅਸੀਂ ਸਰਚ ਕੀਤੀ ਕਿ ਪਿਆਰੇ ਵਤਨ ਦੀ ਕਈ ਖੇਤਰਾਂ 'ਚ ਇੰਨੀ ਜ਼ਿਆਦਾ, ਵਾਧੂ, ਫਾਲਤੂ ਤਰੱਕੀ ਹੋਈ ਹੈ ਕਿ ਇਹ ਅਪਾਰਦਰਸ਼ੀ ਗੰਦਗੀ ਵਾਂਗ ਅਪਾਰਦਰਸ਼ੀ ਹੋ ਗਈ ਹੈ। ਇਸ ਨੂੰ ਨੰਗੀਆਂ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ। ਇਸ ਨੂੰ ਸਿਰਫ ਖੁਰਦਬੀਨ ਨਾਲ ਹੀ ਵੇਖਿਆ ਜਾ ਸਕਦਾ ਹੈ। ਜਿਨ੍ਹਾਂ ਲੋਕਾਂ ਨੇ ਦੇਸ਼ ਵਿੱਚ ਹੋਈ ਬੇਪਨਾਹ ਤਰੱਕੀ ਵੇਖੀ ਹੈ, ਭੋਗੀ ਭਾਵ ਹੰਢਾਈ ਹੈ, ਉਹ ਗੁਣਗੁਣਾਉਂਦੇ ਫਿਰਦੇ ਹਨ, "ਅਸੀਂ ਵੇਖੀ ਤੇ ਹੰਢਾਈ ਹੈ ਆਪਣੇ ਦੇਸ਼ ਦੀ ਤਰੱਕੀ। ਨਜ਼ਰ ਨਾਲ ਛੋਹ ਕੇ ਇਹਨੂੰ ਮੈਲੀ ਨਾ ਕਰੋ। ਤਰੱਕੀ ਦਾਲ-ਰੋਟੀ ਨਹੀਂ, ਖਿੱਚੜੀ ਨਹੀਂ, ਤਰੱਕੀ ਘਿਓ-ਸ਼ੱਕਰ ਨਹੀਂ। ਲੇਖਾ ਦੇਣ ਦੇ ਡਰ ਦਾ ਚੱਕਰ ਨਹੀਂ। ਤਰੱਕੀ ਨੂੰ ਤਰੱਕੀ ਰਹਿਣ ਦਿਓ। ਇਹਨੂੰ ਕੋਈ ਨਾਂਅ-ਕੁ ਨਾਂਅ ਨਾ ਦਿਓ। ਨੁਕਤਾਚੀਨੀ ਕਰਨ ਵਾਲਿਓ! ਖਾਮੋਸ਼ ਹੋ ਜਾਓ!! ਰੌਲੀ ਪਾਉਣੀ ਚੰਗੀ ਨਹੀਂ ਹੁੰਦੀ। ਖਾਮੋਸ਼ੀ ਚੰਗੀ ਹੁੰਦੀ ਹੈ। ਜੇ ਜ਼ਿਆਦਾ ਨੁਕਤਾਚੀਨੀ ਕਰੋਗੇ, ਜ਼ਿਆਦਾ ਰੌਲੀ ਪਾਓਗੇ, ਤਾਂ 'ਉਹ' ਵੱਡੇ ਵੱਡੇ ਲੋਕ ਨਾਰਾਜ਼ ਹੋ ਜਾਣਗੇ। ਪਾਣੀ ਵਿੱਚ ਰਹਿ ਕੇ ਮਗਰਮੱਛਾਂ ਨਾਲ ਤੇ ਸਮਾਜ ਵਿੱਚ ਰਹਿ ਕੇ 'ਵੱਡਿਆਂ' ਨਾਲ ਭਾਵ ਡਾਢਿਆਂ ਨਾਲ ਵੈਰ ਕਮਾਓਗੇ ਤਾਂ ਦੁਖੀ ਹੋ ਜਾਓਗੇ। ਪਹਿਲਾਂ ਤੋਂ ਵੀ ਵੱਧ ਤੁਹਾਡਾ ਕਾਫੀਆ ਤੰਗ ਹੋ ਜਾਵੇਗਾ। ਸਮਝੇ ਕਿ ਨਹੀਂ? 'ਕੌਣ ਬਣੇਗਾ ਕਰੋੜਪਤੀ' ਤੇ ਕ੍ਰਿਕਟ ਮੈਚ, ਚੀਅਰ (ਲੀਡਰਸ) ਗਰਲਜ਼ ਦਾ ਡਾਂਸ ਵੇਖ ਕੇ ਅਤੇ ਫਿਲਮੀ ਅਭਿਨੇਤਰੀਆਂ, ਫੈਸ਼ਨ ਸ਼ੋਅ ਦੀਆਂ ਸੁੰਦਰੀਆਂ, ਟੀ ਵੀ ਮਾਡਲਜ਼ ਦੀਆਂ ਪਾਰਦਰਸ਼ੀ ਪੁਸ਼ਾਕਾਂ ਵੇਖ ਕੇ ਖੁਸ਼ ਹੋ ਲਿਆ ਕਰੋ। ਇੰਨੇ ਜ਼ਿਆਦਾ ਪਾਰਦਰਸ਼ੀ ਜਲਵੇ ਵੇਖ-ਵੇਖ ਕੇ ਪ੍ਰਸੰਨ ਹੋ ਲਿਆ ਕਰੋ। ਹਰ ਤਰ੍ਹਾਂ ਦੀ ਅਲੂਦਗੀ, ਬੇਹੂਦਗੀ, ਗੰਦਗੀ ਦੀ ਮਾਰ ਸਹਿਣ ਦੀ ਸ਼ਕਤੀ ਖੁਦ ਵਿੱਚ ਪੈਦਾ ਕਰੋ। ਆਖਰ ਤੁਸੀਂ-ਅਸੀਂ ਆਪਾਂ ਸਾਰੇ ਆਮ ਲੋਕ ਇੱਕ ਸ਼ਕਤੀਸ਼ਾਲੀ ਦੇਸ਼ ਵਿੱਚ ਰਹਿੰਦੇ ਹਾਂ। ਸਹਿਣਸ਼ੀਲ ਤਾਂ ਹੋਣਾ ਈ ਪਵੇਗਾ।

ਲੰਮੇ ਅਰਸੇ ਤੋਂ ਆਪਣੇ ਪਿਆਰੇ ਵਤਨ ਵਿੱਚ ਵਧਣ-ਫੁੱਲਣ ਤੇ ਫੈਲਣ ਕਾਰਨ ਭ੍ਰਿਸ਼ਟਾਚਾਰ ਵੀ ਅਪਾਰਦਰਸ਼ੀ ਹੋ ਗਿਆ ਹੈ। ਇਹ ਚੁਲਬੁਲੀਆਂ ਹੁਸੀਨ ਅਭਿਨੇਤਰੀਆਂ ਅਤੇ ਦਿਲਕਸ਼ ਖੂਬਸੂਰਤ ਮਾਡਲਸ ਦੇ ਲਿਬਾਸਾਂ ਵਾਂਗ ਪਾਰਦਰਸ਼ੀ ਨਹੀਂ ਰਿਹਾ। ਜਿਵੇਂ ਲੰਮੇ ਸਮੇਂ ਤੋਂ ਤਰ੍ਹਾਂ-ਤਰ੍ਹਾਂ ਦੀ ਗੰਦਗੀ ਤੇ ਅਲੂਦਗੀ ਮੌਜੂਦ ਰਹਿਣ ਨਾਲ ਅਪਾਰਦਰਸ਼ੀ ਹੋ ਗਈ, ਉਹੀ ਬਦਗੁਮਾਨੀ ਵੀ ਅਪਾਰਦਰਸ਼ੀ ਹੋ ਗਈ ਹੈ। ਭਾਵ ਇਹ ਹੈ ਕਿ ਭ੍ਰਿਸ਼ਟਾਚਾਰ ਦਾ ਕੂੜਾ-ਕਚਰਾ ਫੈਲਾਉਣ ਵਾਲਿਆਂ ਨੂੰ ਇਹ ਹਰਗਿਜ਼ ਨਜ਼ਰ ਨਹੀਂ ਆਉਂਦਾ। ਇਸ ਲਈ ਭ੍ਰਿਸ਼ਟਾਚਾਰ ਦਾ ਕੂੜਾ-ਕਚਰਾ ਤਮਾਮ ਦੂਸਰੇ ਕੂੜੇ-ਕਚਰੇ ਵਾਂਗ ਥਾਂ-ਥਾਂ ਢੇਰਾਂ ਦੇ ਭਾਰ ਥੱਲੇ ਦੱਬੀ ਹੋਈ ਦੇਸ਼ ਤੇ ਆਮ ਖਲਕਤ ਦੀ ਮਾਲੀ ਤਰੱਕੀ, ਖੁਸ਼ਹਾਲੀ ਔਖੇ-ਸੌਖੇ ਸਾਹ ਲੈ ਰਹੀ ਹੈ। ਬਹੁਤ ਸਾਰੇ ਲੋਕਾਂ ਤੇ ਲੋਕਣੀਆਂ ਦੇ ਮਾੜੇ ਤੇ ਭੈੜੇ ਕਿਰਦਾਰ, ਵਿਹਾਰ ਤੇ ਇਖਲਾਕ ਦੀ ਅਲੂਦਗੀ ਨੇ ਸਾਡੀ ਤਹਿਜ਼ੀਬ ਤੇ ਸਭਿਆਚਾਰ ਨੂੰ ਮਲੀਨ ਕਰ ਕੇ ਰੱਖ ਦਿੱਤਾ ਹੈ। ਪਾਰਦਰਸ਼ੀ ਭਾਵ ਨਿਰਮਲ ਹੋਣ ਦੇ ਬਾਵਜੂਦ ਈਮਾਨਦਾਰੀ, ਨੈਤਿਕਤਾ, ਸੱਚਾਈ, ਨੇਕੀ, ਮੁਹੱਬਤ, ਅਪਣੱਤ ਘੱਟ ਵਿਖਾਈ ਕਿਉਂ ਦੇ ਰਹੀ ਹੈ?

ਸਾਡੀ ਟੋਟਲ ਰਿਸਰਚ ਦਾ ਤੱਤ ਇਹੀ ਹੈ ਕਿ ਸਭ ਤਰ੍ਹਾਂ ਦੇ ਕੂੜੇ-ਕਚਰੇ ਦੀ ਗੰਦਗੀ ਅਪਾਰਦਰਸ਼ੀ ਹੋ ਗਈ ਹੈ। ਅਪਾਰਦਰਸ਼ੀ ਤਰੱਕੀ ਗਰੀਬਾਂ ਦੀ ਹੋਈ ਹੈ ਅਤੇ ਪਾਰਦਰਸ਼ੀ ਤਰੱਕੀ ਅਮੀਰਾਂ ਤੇ ਉਨ੍ਹਾਂ ਦੇ ਘਰਾਣਿਆਂ ਦੀ ਹੋਈ ਹੈ ਅਤੇ ਪਾਰਦਰਸ਼ੀ ਤਰੱਕੀ ਅਮੀਰਾਂ ਤੇ ਉਨ੍ਹਾਂ ਦੇ ਘਰਾਣਿਆਂ ਦੀ ਹੋਈ ਹੈ। ਹਵਾ, ਪਾਣੀ, ਮਿੱਟੀ ਦੀ ਅਲੂਦਗੀ ਵੀ ਅਪਾਰਦਰਸ਼ੀ ਹੋ ਗਈ ਹੈ। ਪਾਰਦਰਸ਼ੀ ਸ਼ਾਸਨ ਤੇ ਪ੍ਰਸ਼ਾਸਨ ਦੇਣ ਦਾ ਦਾਅਵਾ ਕਰਨ ਵਾਲਿਆਂ ਦੀ ਕਾਰਜ ਪ੍ਰਣਾਲੀ ਵਿੱਚੋਂ ਲੱਭਣ 'ਤੇ ਵੀ ਪਾਰਦਰਸ਼ਿਤਾ ਕਿਉਂ ਨਹੀਂ ਲੱਭਦੀ? "ਆਮ ਲੋਕ ਪ੍ਰੇਸ਼ਾਨ ਹਨ। ਬਹੁਤ ਜ਼ਿਆਦਾ ਮਾਯੂਸ ਤੇ ਪ੍ਰੇਸ਼ਾਨ ਹਨ। ਕੀ ਬਾਕੀ ਸਾਰੇ ਦੁੱਕੀ-ਤਿੱਕੀ ਹਨ? ਕਿਉਂ ਚੰਦ ਬੰਦੇ ਹੀ 'ਮਹਾਨ' ਹਨ?"

## ਮਿੰਨੀ ਕਹਾਣੀ

# ਕੌੜਾ ਸੱਚ

-ਗੁਰਤੇਜ ਸਿੰਘ

'ਕੀ ਕਰਾਂ ਭੈਣੇ ਬੜੀ ਔਖੀ ਹਾਂ, ਮੇਰੇ ਦੋਵੇਂ ਪੁੱਤ ਮੈਨੂੰ ਮੂੰਹ ਨਹੀਂ ਲਾਉਂਦੇ ਤੇ ਸਬੱਬੀ ਗੇੜਾ ਮਾਰਦੀਆਂ ਤਿੰਨਾਂ ਭੈਣਾਂ ਨੂੰ ਵੀ ਨਹੀਂ ਬੁਲਾਉਂਦੇ। ਅੱਖ ਬਣਵਾਈ (ਅਪ੍ਰੇਸ਼ਨ) ਕਾਰਨ ਮੇਰੇ ਤੋਂ ਚੁੱਲ੍ਹੇ 'ਤੇ ਰੋਟੀ ਵੀ ਨਹੀਂ ਬਣਦੀ, ਕੋਈ ਮੇਰੀ ਬਾਤ ਨਹੀਂ ਪੁੱਛਦਾ।' ਤਾਈ ਕਰਤਾਰੋ ਸਵੇਰੇ-ਸਵੇਰੇ ਮੇਰੀ ਮਾਂ ਕੋਲ ਆਪਣਾ ਢਿੱਡ ਹੌਲਾ ਕਰ ਰਹੀ ਸੀ। ਕਾਫੀ ਦੇਰ ਤੱਕ ਉਹ ਆਪਣੇ ਨੂੰਹ ਪੁੱਤਾਂ ਅਤੇ ਸ਼ਰੀਕੇ ਨੂੰ ਭੰਡਦੀ ਰਹੀ ਕਿ ਕੋਈ ਬੱਤੀ ਨਹੀਂ ਵਾਹੁੰਦਾ। ਜਦੋਂ ਤਾਈ ਕਰਤਾਰੋ ਚਲੀ ਗਈ ਤਾਂ ਮੈਂ ਕਿਹਾ, 'ਮਾਂ! ਤਾਈ ਸੱਚਮੁਚ ਬੜੀ ਔਖੀ ਹੈ, ਲਾਹਨਤ ਹੈ ਅਜਿਹੀ ਔਲਾਦ 'ਤੇ।'

ਇਹ ਸ਼ਬਦ ਅਜੇ ਮੇਰੇ ਮੂੰਹ ਵਿੱਚ ਸਨ ਮੇਰੀ ਮਾਂ ਨੇ ਕਿਹਾ, 'ਪੁੱਤ! ਇਸ ਦੀਆਂ ਨੂੰਹਾਂ ਇਸ ਨੂੰ ਦੇਖ ਕੇ ਹੀ ਇਸ ਨਾਲ ਅਜਿਹਾ ਵਰਤਾਉ ਕਰਦੀਆਂ ਹਨ। ਪਹਿਲਾਂ ਇਹ ਵੀ ਆਪਣੇ ਸੱਸ ਸਹੁਰੇ ਤੇ ਨਣਦਾਂ ਨਾਲ ਇੰਜ ਵਿਹਾਰ ਕਰਦੀ ਰਹੀ ਹੈ। 'ਜੈਸੀ ਕਰਨੀ ਵੈਸੀ ਭਰਨੀ' ਜ਼ਿੰਦਗੀ ਦੀ ਇਸ ਸੱਚਾਈ ਤੋਂ ਇਹ ਸਦਾ ਮੁਨਕਰ ਹੁੰਦੀ ਰਹੀ ਤੇ ਆਖਰ ਉਹੀ ਕੁਝ ਅੱਜ ਇਸ ਦੇ ਸਾਹਮਣੇ ਹੈ।'

ਜ਼ਿੰਦਗੀ ਅਤੇ ਤਾਈ ਕਰਤਾਰੋ ਦੇ ਕੌੜੇ ਸੱਚ ਨੂੰ ਮੇਰੀ ਮਾਂ ਨੇ ਇਕੋ ਸਾਹੇ ਬਿਆਨ ਦਿੱਤਾ ਸੀ।

# ਮੇਰੇ ਹਮਸਫਰ ਡਰਾਈਵਰ

-ਡਾ. ਹਰਨੇਕ ਸਿੰਘ ਕੈਲੇ

1996 ਵਿੱਚ ਪ੍ਰਿੰਸੀਪਲ ਬਣਨ ਮਗਰੋਂ ਮੈਂ ਇਕ ਦਿਨ ਚੰਡੀਗੜ੍ਹ ਯੂਨੀਵਰਸਿਟੀ ਤੋਂ ਰਿਕਸ਼ੇ ਉੱਤੇ ਆਪਣੇ ਅਧਿਆਪਕ ਡਾ. ਡੀ ਡੀ ਜਿਓਤੀ ਦੇ ਘਰ ਉਨ੍ਹਾਂ ਨੂੰ ਮਿਲਣ ਗਿਆ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਅੱਗੇ ਤੋਂ ਏਥੇ ਰਿਕਸ਼ੇ ਉੱਤੇ ਨਹੀਂ, ਆਪਣੀ ਕਾਰ ਉੱਤੇ ਆਇਆ ਕਰਾਂ। ਮੈਂ ਕਾਰ ਖਰੀਦ ਲਈ, ਪਰ ਮੈਨੂੰ ਚਲਾਉਣੀ ਨਹੀਂ ਸੀ ਆਉਂਦੀ। ਮੈਨੂੰ ਡਰਾਈਵਰਾਂ ਉੱਤੇ ਨਿਰਭਰ ਹੋਣਾ ਪੈਂਦਾ ਸੀ। ਮੇਰਾ ਪਹਿਲਾ ਡਰਾਈਵਰ ਰਵੀ ਸੀ। ਨਾਂ ਉਸ ਦਾ ਰਾਜਿੰਦਰ ਸੀ ਤੇ ਪਿੰਡ ਵਾਲੇ ਉਸ ਨੂੰ ਭੋਲਾ ਕਹਿੰਦੇ ਸਨ, ਪਰ ਉਹ ਰਵੀ ਅਖਵਾ ਕੇ ਖੁਸ਼ ਸੀ।

ਪਹਿਲੀ ਵਾਰੀ ਮੈਂ ਉਸ ਨਾਲ ਮੁਕਤਸਰ ਸਾਹਿਬ ਗਿਆ। ਉਥੇ ਯੂਨੀਵਰਸਿਟੀ ਨੇ ਬੀ ਐਡ ਦੀ ਪ੍ਰਵੇਸ਼ ਪ੍ਰੀਖਿਆ ਵਾਸਤੇ ਮੇਰੀ ਡਿਊਟੀ ਲਾਈ ਸੀ। ਇਸ ਮਗਰੋਂ ਉਹ ਕਈ ਸਾਲ ਮੇਰੇ ਨਾਲ ਜਾਂਦਾ ਰਿਹਾ। ਉਹ ਕਿਤੇ 'ਬਾਹਰ' ਜਾਣਾ ਚਾਹੁੰਦਾ ਸੀ। ਉਸ ਦੀ ਭੈਣ ਆਸਟ੍ਰੀਆ ਰਹਿੰਦੀ ਸੀ ਤੇ ਉਸ ਨੇ ਉਥੇ ਪਹੁੰਚਣ ਵਾਸਤੇ ਕਈ ਪਾਪੜ ਵੇਲੇ ਪਰ ਗੱਲ ਨਾ ਬਣੀ। ਉਹ ਪਾਠ ਬਹੁਤ ਕਰਦਾ ਸੀ ਤੇ ਇਕ ਦਿਨ ਅੱਕਿਆ ਹੋਇਆ ਆਖਣ ਲੱਗਿਆ, 'ਰੱਬ ਨੂੰ ਪਤਾ ਨ੍ਹੀ, ਮੈਂ ਪਾਠ ਕਿਉਂ ਕਰਦਾਂ?' ਪਤਾ ਨਹੀਂ ਰੱਬ ਕਿਤੇ ਨੇੜੇ ਬੈਠਾ ਹੀ ਸੁਣਦਾ ਸੀ ਅਤੇ ਉਹ 'ਬਾਹਰ' ਚਲਿਆ ਗਿਆ।

ਗੁਰੂਸਰ ਸਧਾਰ ਤੋਂ 2002 ਵਿੱਚ ਸੇਵਾ ਮੁਕਤ ਹੋਣ ਮਗਰੋਂ ਮੈਂ ਜਿਥੇ ਵੀ ਨੌਕਰੀ ਕੀਤੀ, ਉਥੇ ਹਫਤੇ ਵਿੱਚ ਦੋ ਤਿੰਨ ਦਿਨ ਜਾਣਾ ਹੁੰਦਾ ਸੀ। ਇਸ ਕਰਕੇ ਮੇਰਾ ਕੋਈ ਪੱਕਾ ਡਰਾਈਵਰ ਨਹੀਂ ਸੀ। ਕਈ ਡਰਾਈਵਰਾਂ ਨਾਲ ਮੇਰਾ ਵਾਹ ਪਿਆ। ਮਸਤੂਆਣਾ ਸਾਹਿਬ ਕਾਲਜ ਦੀ ਨੌਕਰੀ ਵੇਲੇ ਸਭ ਤੋਂ ਪਹਿਲਾਂ ਪ੍ਰਕਾਸ਼ ਮੇਰੇ ਨਾਲ ਜਾਣ ਲੱਗਾ। ਪਹਿਲਾਂ ਕੁਝ ਦਿਨ ਮੈਨੂੰ ਉਥੇ ਜਾਣਾ ਔਖਾ ਲੱਗਾ, ਪਰ ਉਸ ਦੀ ਆਖੀ ਗੱਲ 'ਲੋਕ ਤਾਂ ਇਥੇ ਆਉਣ ਨੂੰ ਪੈਸੇ ਖਰਚਦੇ ਨੇ ਤੇ ਤੁਹਾਨੂੰ ਪੈਸੇ ਮਿਲਦੇ ਨੇ' ਨਾਲ ਮੇਰੇ ਉੱਤੇ ਬਹੁਤ ਅਸਰ ਹੋਇਆ। ਅਚਾਨਕ ਮੈਨੂੰ ਆਉਣ ਜਾਣ ਵਿੱਚ ਆਨੰਦ ਆਉਣ ਲੱਗ ਪਿਆ। ਕਦੇ-ਕਦੇ ਉਹ ਆਪਣੇ ਨਾਲ ਬੀਤੀ ਕੋਈ ਦਿਲਚਸਪ ਘਟਨਾ ਸੁਣਾਉਂਦਾ ਅਤੇ ਸਫਰ ਦੇ ਮੁੱਕਣ ਦਾ ਪਤਾ ਹੀ ਨਾ ਲੱਗਦਾ। ਉਹ ਆਮ ਤੌਰ ਉੱਤੇ ਮਿਥੇ ਵਕਤ ਤੋਂ ਲੇਟ ਪਹੁੰਚਦਾ ਸੀ। 'ਰਾਹ ਵਿੱਚ ਸੌ ਮਿਲ ਜਾਂਦੈ। ਜੇ ਦਸ ਮਿੰਟ ਖੜ ਕੇ ਗੱਲ ਨਾ ਕਰੀਏ ਤਾਂ ਅਗਲਾ ਗੁੱਸਾ ਕਰਦੈ', ਉਹ ਆਖਦਾ ਸੀ। ਮੈਂ ਉਸ ਨੂੰ ਪੰਦਰਾਂ ਮਿੰਟ ਪਹਿਲਾਂ ਵਕਤ ਦੇਣ ਲੱਗ ਪਿਆ। ਉਹ ਕਾਹਲ ਨਹੀਂ ਸੀ ਕਰਦਾ। 'ਕੋਈ ਨ੍ਹੀ, ਜਦੋਂ ਆਖੋ ਚੱਲ ਪਵਾਂਗੇ। ਘਰ ਈ ਜਾਣੈ' ਉਸ ਨੇ ਆਖਣਾ।


ਹੈਪੀ ਵੀ ਮੇਰੇ ਨਾਲ ਮਸਤੂਆਣਾ ਸਾਹਿਬ ਜਾਂਦਾ ਹੁੰਦਾ ਸੀ। ਵਾਪਸ ਮੁੜਨ ਵੇਲੇ ਉਸ ਨੂੰ ਕਈ ਵਾਰ ਕਾਹਲ ਹੁੰਦੀ ਸੀ, ਕਿਉਂਕਿ ਮੱਝ ਉਸ ਦੇ ਹੱਥ ਪਈ ਹੋਈ ਸੀ। ਅੱਜ ਕੱਲ੍ਹ ਉਹ ਕਿਤੇ ਨੌਕਰੀ ਕਰਦਾ ਤੇ ਕਦੇ ਕਦਾਈਂ ਛੁੱਟੀ ਵਾਲੇ ਦਿਨ ਉਹ ਮੇਰੇ ਨਾਲ ਚਲਿਆ ਜਾਂਦਾ ਹੈ। ਹੁਣ ਵੀ ਉਸ ਦੀ ਸ਼ਾਮ ਨੂੰ ਛੇਤੀ ਘਰ ਪਹੁੰਚਣ ਦੀ ਇੱਛਾ ਹੁੰਦੀ ਹੈ। 'ਆਪਾਂ ਛੇ ਵਜੇ ਤੱਕ ਤਾਂ ਮੁੜ ਆਵਾਂਗੇ।' ਉਹ ਚੱਲਣ ਲੱਗਿਆ ਆਖਦਾ ਹੈ, 'ਮੈਨੂੰ ਨਾਲ ਦੇ ਮੁੰਡੇ ਉਡੀਕਦੇ ਹੁੰਦੇ ਨੇ।'

ਮੇਰੇ ਨਾਲ ਮਸਤੂਆਣਾ ਸਾਹਿਬ ਜਾਣ ਵਾਲਿਆਂ ਵਿੱਚ ਰਾਜੂ ਵੀ ਸੀ। ਉਹ ਕਾਰ ਨੂੰ ਬਹੁਤ ਚਮਕਾ ਕੇ ਰੱਖਦਾ ਸੀ ਅਤੇ ਕੁਝ ਦਿਨਾਂ ਬਾਅਦ ਕਾਰ ਪਾਲਸ਼ ਵਾਲੀ ਡੱਬੀ ਮੰਗਵਾ ਲੈਂਦਾ ਸੀ। ਪਾਲ ਮੇਰੇ ਨਾਲ ਨਾਲਾਗੜ੍ਹ ਕਾਲਜ ਤੇ ਫਿਰ ਭੀਖੀ ਕਾਲਜ ਜਾਣ ਤੋਂ ਇਲਾਵਾ ਹੋਰ ਡਰਾਈਵਰਾਂ ਵਾਂਗ ਘਰੇਲੂ ਕੰਮਕਾਜ ਲਈ ਵੀ ਜਾਂਦਾ ਹੁੰਦਾ ਸੀ। ਉਹ ਸਮੇਂ ਦਾ ਪੂਰਾ ਪਾਬੰਦ ਸੀ ਤੇ ਚਾਹੁੰਦਾ ਸੀ ਕਿ ਉਸ ਦੇ ਪਹੁੰਚਣ ਵੇਲੇ ਨੂੰ ਜਾਣ ਲਈ ਤਿਆਰ ਹੋਵਾਂ। ਉਹ ਕੈਨੇਡਾ ਜਾਣ-ਜਾਣ ਕਰਦਾ ਸੀ ਅਤੇ ਉਥੇ ਪਹੁੰਚ ਹੀ ਗਿਆ।

ਇਕ ਡਰਾਈਵਰ ਨੂੰ ਮੈਂ ਭੀਖੀ ਜਾਣ ਲਈ ਲੱਭਿਆ, ਪਰ ਉਹ ਇਕੋ ਦਿਨ ਗਿਆ। ਕਾਲਜ ਪਹੁੰਚਣ ਸਾਰ ਉਸ ਨੇ ਕਾਰ ਵਿੱਚ ਅਗੇ ਪਏ ਬਾਰਾਂ ਤੇਰਾਂ ਰੁਪਇਆਂ ਦਾ ਕਿਤੋਂ ਜਰਦਾ ਲੈ ਲਿਆ ਤੇ ਇਕ ਸੇਵਾਦਾਰ ਤੋਂ ਸੌ ਰੁਪਇਆ ਫੜ ਲਿਆ। ਦਿਹਾੜੀ ਦੇ ਬਚਦੇ ਪੈਸੇ ਵੀ ਉਸ ਨੇ ਮੇਰੇ ਕੋਲੋਂ ਰਸਤੇ ਵਿੱਚ ਲੈ ਲਏ।

ਪੰਡਤ ਬਾਲ ਕ੍ਰਿਸ਼ਨ ਨੇ ਸ਼ੁਰੂ ਤੋਂ ਹੀ ਡਰਾਈਵਰੀ ਕੀਤੀ ਅਤੇ ਬੁੱਢੇ ਵਾਰੇ ਵੀ ਕਰਦਾ ਰਿਹਾ। ਜਦ ਵੀ ਕਦੇ ਮੈਂ ਉਸ ਨੂੰ ਕਿਤੇ ਜਾਣ ਲਈ ਫੋਨ ਕਰਦਾ, ਉਹ ਮਿੱਥੇ ਸਮੇਂ ਤੋਂ ਕਾਫੀ ਪਹਿਲਾਂ ਪਹੁੰਚ ਜਾਂਦਾ ਤੇ ਆ ਕੇ ਕਹਿੰਦਾ, 'ਮੈਂ ਤਾਂ ਵਿਹਲਾ ਬੈਠਾ ਸੀ, ਤੁਰ ਪਿਆ।' ਕਦੇ-ਕਦੇ ਉਹ ਸਮੇਂ ਤੋਂ ਬਹੁਤ ਪਹਿਲਾਂ ਪਹੁੰਚਣ ਲਈ ਆਪਣੀ ਸਫਾਈ ਦਿੰਦਾ। ਜੇ ਉਸ ਨੂੰ ਆਖਦਾ, 'ਪੰਡਤ ਜੀ, ਹੁਣ ਉਮਰ ਬਹੁਤ ਹੋ ਗਈ। ਵੱਡੀ ਉਮਰ ਵਿੱਚ ਨਿਗ੍ਹਾ ਘੱਟ ਜਾਂਦੀ ਐ। ਐਨਕਾਂ ਲਵਾ ਲਓ।' ਉਸ ਦਾ ਜਵਾਬ ਹੁੰਦਾ,' ਮੈਨੂੰ ਦਿੱਸੀ ਤਾਂ ਜਾਂਦੈ। ਐਨਕਾਂ ਕਿਉਂ ਲਵਾਵਾਂ?'

ਸੂਰਜ ਛਿਪਣ ਮਗਰੋਂ ਉਸ ਨੂੰ ਘੱਟ



ਦਿਸਣ ਲੱਗ ਜਾਂਦਾ ਸੀ ਤੇ ਉਹ ਦਿਨ ਖੜੇ-ਖੜੇ ਵਾਪਸ ਪਹੁੰਚਣਾ ਚਾਹੁੰਦਾ ਹੁੰਦਾ ਸੀ। ਪਹਿਲਾਂ-ਪਹਿਲਾਂ ਉਹ ਕਾਰ ਦੀ ਸਪੀਡ ਘੱਟ ਰੱਖਦਾ ਹੁੰਦਾ ਸੀ, ਪਰ ਫਿਰ ਉਹ ਬਹੁਤ ਤੇਜ਼ ਚਲਾਉਣ ਲੱਗ ਪਿਆ। ਮੈਨੂੰ ਡਰ ਲੱਗਣ ਲੱਗਦਾ ਤੇ ਮੈਂ ਆਖਦਾ, 'ਪੰਡਤ ਜੀ, ਹੌਲੀ ਚੱਲੋ।' ਉਸ ਦਾ ਤੁਰੰਤ ਜਵਾਬ ਹੁੰਦਾ, 'ਇਹ ਭੱਜਦੀ ਈ ਬਾਹਲੀ ਐ।' ਉਹ ਹੱਸਦਾ ਰਹਿੰਦਾ ਅਤੇ ਕਦੇ ਤਿੰਨ ਪੰਜ ਨਹੀਂ ਸੀ ਕਰਦਾ। ਦੋ ਕੁ ਸਾਲ ਪਹਿਲਾਂ ਉਸ ਨੂੰ ਅਧਰੰਗ ਦਾ ਅਟੈਕ ਹੋ ਗਿਆ ਸੀ ਅਤੇ ਹੁਣ ਉਹ ਕਿਤੇ ਨਹੀਂ ਜਾਂਦਾ।

ਸ਼ਮਸ਼ੇਰ ਮੇਰੇ ਨਾਲ ਪਹਿਲੀ ਵਾਰ ਪੰਜ ਕੁ ਸਾਲ ਪਹਿਲਾਂ ਪੁਰਾਣਾ ਸ਼ਾਲ੍ਹਾ (ਗੁਰਦਾਸਪੁਰ) ਗਿਆ ਸੀ। ਉਦੋਂ ਤੋਂ ਜਦ ਕਦੇ ਮੈਨੂੰ ਲੋੜ ਪਵੇ ਤੇ ਉਸ ਨੂੰ ਵਿਹਲ ਹੋਵੇ, ਮੈਂ ਉਸ ਨੂੰ ਨਾਲ ਲੈ ਜਾਂਦਾ ਹਾਂ। ਜਦ ਕਦੇ ਮੈਂ ਉਸ ਨੂੰ ਜਾਣ ਲਈ ਫੋਨ ਕਰਾਂ ਤਾਂ ਉਹ ਪੱਕੀ 'ਹਾਂ' ਜਾਂ 'ਨਾਂਹ' ਕਰ ਦਿੰਦਾ ਹੈ। ਉਹ ਆਪਣੇ ਅਸੂਲ ਮੁਤਾਬਕ ਜਿਸ ਨੂੰ 'ਹਾਂ' ਕਹਿ ਦਿੰਦਾ ਹੈ, ਉਸੇ ਨਾਲ ਜਾਂਦਾ ਹੈ। ਜੇ ਕਿਸੇ ਕਾਰਨ ਉਹ ਫੋਨ ਨਾ ਉਠਾ ਸਕੇ ਤਾਂ ਮਗਰੋਂ ਆਪ ਫੋਨ ਜ਼ਰੂਰ ਕਰਦਾ ਹੈ। ਉਹ ਹਮੇਸ਼ਾ ਚੱਲਣ ਤੋਂ ਦਸ ਮਿੰਟ ਪਹਿਲਾਂ ਪਹੁੰਚਦਾ ਹੈ।

ਪੰਮਾ ਇਕ ਵਾਰ ਮੇਰੇ ਨਾਲ ਦਿੱਲੀ ਏਅਰਪੋਰਟ ਗਿਆ ਸੀ। ਹੁਣ ਵੀ ਕਦੇ ਕਦੇ 'ਹਾਂ' ਕਰ ਦਿੰਦਾ ਹੈ। ਰਸਤੇ ਵਿੱਚ ਉਹ ਗੱਲਾਂ ਦੀ ਲੜੀ ਟੁੱਟਣ ਨਹੀਂ ਦਿੰਦਾ।

ਬਹਾਦਰ ਸਿੰਘ ਵੀ ਮੇਰੇ ਨਾਲ ਕਦੇ ਕਦੇ ਜਾਣ ਵਾਲਾ ਡਰਾਈਵਰ ਹੈ। ਉਸ ਨੂੰ ਸਿੱਖ ਇਤਿਹਾਸ ਦੀ ਚੰਗੀ ਜਾਣਕਾਰੀ ਹੈ। ਲੰਮੇ ਸਫਰ ਉੱਤੇ ਜਾਂਦਿਆਂ ਉਹ ਇਤਿਹਾਸ ਦੀ ਕੋਈ ਘਟਨਾ ਜ਼ਰੂਰ ਸੁਣਾਉਂਦਾ ਹੈ। ਕੰਮਕਾਰ ਵਿੱਚ ਰੁੱਝਿਆ ਰਹਿਣ ਕਰਕੇ ਉਹ ਆਉਣ ਲੱਗਿਆ ਦੇਰ ਕਰ ਦਿੰਦਾ ਹੈ, ਪਰ ਸ਼ਾਮ ਨੂੰ ਵਾਪਸ ਮੁੜਨ ਵੇਲੇ ਉਸ ਨੂੰ ਕਦੇ ਕਾਹਲ ਨਹੀਂ ਹੁੰਦੀ। ਡਰਾਈਵਰਾਂ ਦੇ ਸਹਾਰੇ ਮੇਰੀ ਪਤਨੀ ਅਤੇ ਮੈਂ ਜਿੱਥੇ ਕਿਤੇ ਜਾਣਾ ਹੁੰਦਾ ਹੈ, ਜਾ ਆਉਂਦੇ ਹਾਂ। ਅਜਿਹੀ ਸਥਿਤੀ ਕਦੇ ਹੀ ਪੈਦਾ ਹੁੰਦੀ ਹੈ, ਜਦ ਅਸੀਂ ਕਿਤੇ ਜਾਣਾ ਹੋਵੇ ਤੇ ਕੋਈ ਡਰਾਈਵਰ ਨਾ ਮਿਲੇ।

# ROYAL CANADIAN Family CIRCUS

UNDER THE BIG TOP

BRING THIS AD TO THE BIG TOP BOX OFFICE BUY 2 FOR THE PRICE OF 1

Run Away to the Circus for a Day!

ALL NEW SHOW

## MISSISSAUGA - Sheridan Centre AUGUST 1 – 5

ETOBICOKE • JULY 18 – 21
SCARBOROUGH • JULY 25 – 28
BURLINGTON • AUGUST 9 – 11
MILTON • AUGUST 15 – 18




## BUY 2 FOR THE PRICE OF 1

**www.royalcanadiancircus.ca**

PROMO CODE: **punjabi**

"DISCOUNT AVAILABLE ON GENERAL ADMISSION TICKETS ONLY"

Tickets: Sheridan Centre "Rush For Men"
- Woodbine Mall - Guest Services Info Desk
- Bridlewood Mall Management Office

**OR: On-site Circus Box Office (on day of performance) - Cash Sales Only**

NOTICE - DUE TO FACTORS BEYOND THE CONTROL OF THE CIRCUS, ITS PRODUCER, PRESENTER AND SALES AGENTS; PERFORMERS AND ACTS IN THE SHOW MAY DIFFER FROM THOSE PORTRAYED OR REPRESENTED AND THEREFORE WE ASSUME NO LIABILITY FOR SUCH CHANGES.*

* ACTS SUBJECT TO CHANGE.

# NEED A LAWYER ??

# KAUR LAW OFFICE

Red Seal NOTARY



**MANJEET KAUR**
LL.B., (London UK)
Barrister, Solicitor & Notary Public

### REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

### IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

### FAMILY LAWYER
- Child & Spousal support
- Custody & Access
- Divorce
- Equalization

### BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

### WILLS & ESTATE
- Wills
- Certificate of Estate Trustee with/without Will
- Power of attorney for Property & Personal Care

**Tel : 905-454-0099**
Fax: 905-454-2234
2575 Steeles Ave. E., Unit 1,Brampton, ON L6T 5T1

# Tri-City
Professional Realty Inc., Brokerage.
Number 1 Tri-City agent in Canada on basis of sales volume 2015

## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ


- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

**ਅਵਤਾਰ ਸਿੰਘ ਟਿਵਾਣਾ**
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8

**Avtar Singh Tiwana**
Sales Rep.




**Mcvean / Castlemore**

3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੂਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ। ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage.
$129,900

**Darcel/Brandon Gate**

ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।




**Niagara Falls Ontario**

ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

## *VEGETARIAN FOOD HEALTHY EATING*



## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109

